ਕੈਨੇਡੀਅਨ
# ਪੰਜਾਬੀ ਪੋਸਟ

*Award winning news paper* | Canadian Punjabi Post

Vol 17* Issue 212 Daily Newspaper Tuesday, November 06, 2018 Tel: 905.793.2202 | Fax: 905.793.2282 | news@punjabipost.ca





# ਦਿਵਾਲੀ ਮੁਬਾਰਕ

ਬੰਦੀਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

**RESIDENTIAL/ COMMERCIAL PROPERTY**

JASVIR DHALIWAL
Sales person
416-677-1111

GURPREET DHALIWAL
Sales person
416-409-9594

80 Maritime Ontario Blvd,
#246, Brampton, ON
Bus : 905.488.2100 Ext. 283
& 276 Fax : 905.488.2101


Gurpreet Dhaliwal

#1 CHOOSE C21

I CHOOSE
UNRIVALED
LEADERSHIP


Jasvir Dhaliwal



Happy Diwali

AKAL INSURANCE BROKERS INC.

**AKAL INSURANCE
WISHES YOU A
HAPPY AND PROSPEROUS
DIWALI**

## AKAL INSURANCE BROKERS PEEL INC.

Auto - Home - Life - Supervisa - Investment - Disability


Mr. Anil Sharma

1200 Derry Road, Unit # 10
Mississauga, ON, L5T 0B3
Off : 905.459.2525

7990 Kennedy Rd. S. Unit # 204
Brampton, ON L6W 0B3
Off: 905.454.0222


Mr. Bobby Dhaliwal

## ੧ੳ ਸਤਿਗੁਰ ਪ੍ਰਸਾਦਿ॥

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।



ਕਰਨੈਲ ਸਿੰਘ

ਰਾਜਾ ਦਸ਼ਰਥ ਅਤੇ ਰਾਣੀ ਕੁੱਸ਼ਲਿਆ ਦੋਵੇਂ ਚੱੜ੍ਹਦੀ ਅਵੱਸਥਾ ਵਿਚ ਅਯੁਧਿਆ ਪੁਰੀ ਵਿਚ ਰਾਜ ਮਹਿਲਾਂ ਵਿਚ ਅਨੰਦ ਪੂਰਵਕ ਵੱਸ ਰਹੇ ਹਨ। ਜਿਸ ਵੇਲੇ ਉਹਨਾਂ ਨੂੰ ਪਤਾ ਚਲਿਆ ਕੇ ਸਾਡੇ ਘਰ ਵਿਚ ਬਾਲਕ ਨੇ ਜਨਮ ਲੈਣਾ ਹੈ। ਉਸ ਵੇਲੇ ਦੋਵੇਂ ਰਾਜਾ ਰਾਣੀਂ ਆਪਸ ਵਿਚ ਸਲਾਹਾਂ ਕਰਦੇ ਹਨ, ਅਗਰ ਸਾਡੇ ਘਰ ਪੁਤ੍ਰ ਹੋਵੇ, ਤਾਂ ਉਸਦਾ ਨਾਮ ਕੀ ਰਖੀਏ, ਰਾਜੇ ਦਸ਼ਰਥ ਨੇ ਰਾਣੀ ਕੁੱਸ਼ਲਿਆ ਨੂੰ ਕਿਹਾ=ਰਾਮਚੰਦ=ਨਾਮ ਰਖਾਂਗੇ।ਜਿਸ ਵੇਲੇ ਰਾਮ ਚੰਦ ਮੂਹੰ ਚੋਂ ਨਿਕਲਿਆ, ਭਾਈ ਗੁਰਦਾਸ ਜੀ ਲਿਖਦੇ ਹਨ। ਤਿਨ ਹੱਤਿਆ ਦਾ ਪਾਪ ਲੱਥ ਗਿਆ।ਤਿਨ ਹਤਿਆ ਕਿਹੜੀਆਂ ਹਨ, ਸਰਵਣ ਨੂੰ ਕਿਸੇ ਪੱਸ਼ੂ ਜਾਂ ਰੋਜ਼, ਮ੍ਰਿਗ ਸਮਝਕੇ ਭਲੇਖੇ ਨਾਲ ਤੀਰ ਮਾਰਿਆ, ਸਰਵਣ ਮਰ ਗਿਆ ਸਕਾ ਭਾਣਜਾ=ਹਤਿਆ ਲੱਗ ਗਈ। ਉਸ ਦੇ ਅੰਨ੍ਹੇ ਮਾਤਾ ਪਿਤਾ ਪੁਤ੍ਰ ਦੇ ਵਿਜੋਗ ਵਿਚ ਮਰ ਗਏ। ਦੋ ਹਤਿਆ ਇਹ ਹੋ ਗਈਆਂ।ਤਿਨ ਹੱਤਿਆ ਦਾ ਵੱਡਾ ਘੋਰ ਪਾਪ ਲੱਗਿਆ ਸੀ।ਰਾਮ ਚੰਦ ਤੋਂ ਭਾਵ ਰਾਮ ਕਹਿਨ ਦੇ ਨਾਲ ਤਿਨੇਂ ਹਤਿਆ ਦਾ ਪਾਪ ਖੱਤਮ ਹੋ ਗਿਆ।

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਟੋਡੀ ਨਾਮ ਦੇਵ {ਪੰਨਾ ੭੧੮}

ਅਰਥ: ਭਗਤ ਨਾਮ ਦੇਵ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸ਼ਰਧਾ ਸਹਿਤ ਰਾਮ ਦਾ ਨਾਮ ਲਿਆ ਕਿਸ ਦਾ ਕਲੰਕ ਰਿਹਾ ਹੈ। ਭਾਵ ਕਿਸੇ ਦਾ ਕਲੰਕ ਲੱਗਿਆ ਨਹੀਂ ਰਹਿੰਦਾ। ਨੋਟ :- ਨਾਮ ਦੇਵ ਜੀ ਕਬੀਰ ਜੀ ਆਦਿਕ ਭਗਤਾਂ ਨੇ ਰਾਮ ਚੰਦ੍ਰ ਦੀ ਹੀ ਅਰਾਧਨਾ ਕੀਤੀ ਹੈ।

ਤਥਾ:- ਜਪਿ ਮਨ ਰਾਮ ਨਾਮ ਨਿਸਤਾਰਾ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥ ਬੈਰਾੜੀ ਮ: ੪ ॥{ਪੰਨਾ ੭੨੦}

ਆਓ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਸੁਣੀਐ।

੧ . ਰੰਗ ਮਹਲ ਰੰਗ ਰਾਗ ਵਿਚਿ ਦਸਰਥੁਕਉਸਲਿਆ ਰਲਿਆਲੇ

੨ . ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।

੩ . ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ।

੪. ਰਾਮ ਚੰਦੁ ਨਾਉ ਲੈਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।

੫. ਰਾਮ ਰਾਜ ਪਰਵਾਣ ਜਗੁ ਸਤਿ ਸੰਤੋਖ ਧਰਮ ਬਹਾਲੇ।

੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।

੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।

੮. ਸਾਧ ਸੰਗਤਿ ਪਗ ਧੂੜਿ ਨਿਹਾਲੇ। ਵਾਰ ੨੩ ਪਉੜੀ ੮

ਆਖਰ ਨੂੰ ਕੇਕਈ ਮਾਤਾ ਦੀ ਈਰਖਾ ਕਰਕੇ ਰਾਜੇ ਦਸਰਥ ਨੂੰ ਸਖਾ ਕੇ ਰਾਮ ਚੰਦ੍ਰ ਜੀ ਨੂੰ 14 ਸਾਲ ਬਨਵਾਸ ਨੂੰ ਭੇਜ ਦਿੱਤਾ ਸੀ।

ਸੀਤਾ ਜੀ ਵੀ ਪਤੀ ਦੇਵ ਜੀ ਦੇ ਸਾਥ ਬਨਵਾਸ ਵਿਚ ਗਈ, ਅਤੇ ਲੱਖਮਣ ਛੋਟਾ ਭਰਾ ਵੀ ਰਾਮ ਜੀ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ ਨਾਲ ਹੀ ਰਿਹਾ ਜੰਗਲ ਬੀਆਬਾਨ ਵਿਚ, ਤ੍ਰੇਤੇ ਜੁਗ ਦਾ ਸਮਾਂ ਸੀ ਅਤੇ ਪ੍ਰਮੇਸਰ ਦੇ ਵੀਹਵੇਂ ਅਵਤਾਰ ਸੀ।ਰਾਵਣ ਸੀਤਾ ਨੂੰ ਚਰਾਕੇ ਲੈ ਗਿਆ ਸੀ।ਰਾਮ ਚੰਦ੍ਰ ਜੀ ਨੇ ਬਾਂਦਰਾਂ ਦੀ ਸੈਨਾ ਤਿਆਰ ਕੀਤੀ, ਹਨੂੰਮਾਨ ਜੀ ਸੰਮੁੰਦ੍ਰ ਦੇ ਉਤੇ ਤੈਰਾਕੇ ਸ੍ਰੀ ਲੰਕਾ ਵਿਚ ਸੀਤਾ ਮਾਤਾ ਜੀ ਨੂੰ ਮਿਲੇ, ਸੁਖ ਸਾਂਦ ਪੁਛੀ ਅਤੇ ਰਾਮ ਚੰਦ੍ਰ ਜੀ ਅਤੇ ਲਖਮਣ ਦੀ ਰਾਜ਼ੀ ਖੁਸ਼ੀ ਦੱਸੀ, ਸੀਤਾ ਜੀ ਤੋਂ ਇਕ ਮੁੰਦਰੀ ਨਸ਼ਾਨੀ ਵਜੋਂ ਲਿਆਕੇ ਦਿਤੀ। ਸੰਮੁਦਰ ਉਤੇ ਪੱਥਰਾਂ ਦਾ ਪੁਲ ਬਣਾਕੇ ਸ੍ਰੀ ਲੰਕਾ ਨੂੰ ਜਾਣ ਦੀ ਤਿਆਰੀ ਕੀਤੀ।

ਰਾਮਕਲੀ ਮ: ੧ ਸਿੱਧ ਗੋਸ਼ਟ {ਪੰਨਾ ੯੪੨}

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਗੁਰਮੁਖਿ = ਤੋਂ ਭਾਵ ਪੂਰਾ ਗੁਰੂ ਵਸ਼ਿਸ਼ਟ, ਰਾਮਚੰਦ੍ਰ ਜੀ ਦੇ ਗੁਰੂ ਹਨ। ਵਸ਼ਿਸ਼ਟ ਗੁਰੂ ਦੇਵ ਜੀ ਪਾਸ ਰਾਮ ਜੀ ਨੇਂ ਬੇਨਤੀ ਕੀਤੀ ਗੁਰਦੇਵ ਜੀ ਸੀਤਾ ਜੀ ਸ੍ਰੀ ਲੰਕਾ ਵਿਚ ਹੈ, ਸੈਨਾ ਲੰਘਉਣੀ ਹੈ। ਕੋਈ ਵਿਧੀ ਦਸੋ, ਵਸ਼ਿਸ਼ਟ ਗੁਰੂ ਜੀ ਨੇਂ ਦੋ ਪੇਪਰ ਦਿਤੇ ਇਕ ਤੇ ਰਕਾਰ ਲਿਖ ਦਿਤਾ ਦੂਜੇ ਪੇਪਰ ਤੇ ਮਕਾਰ ਲਿਖ ਦਿਤਾ।ਕਿਹਾ ਇਹਨਾਂ ਦੇ ਉਤੇ ਪੱਥਰ ਪਾਣੀ ਵਿਚ ਰੱਖ ਦੇਈਂ ਇਹ ਅੱਗੇ ਚਲਣਗੇ, ਪਾਣੀ ਤੇ ਤੈਰ ਕੇ ਪਿਛੇ ਪਿਛੇ ਹੋਰ ਪੱਥਰ ਛੱਡੀ ਜਾਈਂ। ਓਸੇ ਤਰ੍ਹਾਂ ਪਾਣੀ ਤੇ ਪੱਥਰ ਤੈਰ ਕੇ ਸਮੁੰਦ੍ਰ ਉਤੇ ਤਕਰੀਬਨ 30 ਕਿਲੋਮੀਟਰ ਲੰਬਾ ਪੁਲੱ ਬੱਝ ਗਿਆ। ਰਾਮ ਚੰਦ੍ਰ ਜੀ ਪ੍ਰਭੂ ਦੇ ਅਵਤਾਰ ਅਤੇ ਛੋਟਾ ਭਰਾ ਲਕਸ਼ਮਣ ਜੱਤੀ ਪੁਰਸ਼, ਸ਼ਹਿਤ ਬਾਂਦਰਾਂ ਦੀ ਸੈਨਾ ਦੇ ਨਾਲ ਲੰਕਾ ਵਿਚ ਦਾਖਲ ਹੋਏ।ਰਾਵਣ ਪਾਸ ਆਪਣਾ ਦੂਤ ਭੇਜਿਆ ਕੇ ਰਾਮ ਚੰਦ੍ਰ ਭਗਵਾਨ ਆਏ ਹਨ, ਜੰਗ ਲਈ ਤਿਆਰ ਹੋ ਜਾ। ਗੁਰੂ ਨਾਨਕ ਦੇਵ ਇਸ ਘੋਰ ਯੁੱਧ ਦੇ ਸੰਬੰਧ ਵਿਚ ਲਿਖਦੇ ਹਨ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੇ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਲੰਕਾ ਲੂਟੀ ਅਤੇ ਦੈਂਤਾਂ ਨੂੰ ਸੰਤਾਪ ਡੰਡ ਦਿੱਤਾ ਫੌਂਜਾਂ ਮਾਰੀਆਂ। ਬਿਧਾਤੇ ਤੋਂ ਭਾਵ ਰਾਮ ਚੰਦ੍ਰ ਜੀ। ਗੁਰਮੁਖ = ਗੁਰੂ ਵਸ਼ਿਸ਼ਟ ਮੁਨੀਂ ਜੀ। ਰਾਮ ਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਅਰਥ: ਰਾਮ ਚੰਦ੍ਰ ਜੀ ਨੇਂ ਫੌਜਾਂ ਨੂੰ ਮਾਰਕੇ ਫੇਰ ਰਾਵਣ ਨੂੰ ਜੰਗੇ ਮਦਾਨ ਵਿਚ ਮਾਰਿਆ। ਗੁਰਮੁਖਿ = ਰਾਵਣ ਦਾ ਭਰਾ ਰਾਮਚੰਦ੍ਰ ਨਾਲ ਰਲ ਗਿਆ ਸੀ, ਰਾਮ ਚੰਦ੍ਰ ਜੀ ਨੇਂ 101 ਸਿਰ ਵੱਢੇ ਸੀ ਰਾਵਣ ਦੇ ਉਹ ਸਿਰ ਫੇਰ ਲੱਗ ਜਾਂਦੇ ਸੀ। ਬਭੀਖਣ ਨੇਂ ਕਿਹਾ ਮਹਾਰਾਜ ਇਸ ਤਰ੍ਹਾਂ ਇਹ ਨਹੀਂ ਮਰੇਗਾ।ਇਸ ਦੇ ਨਾਭੀ ਵਿਚ ਅੰਮ੍ਰਿਤ ਦਾ ਕੁੰਡ ਹੈ।ਰਾਮ ਜੀ ਨੇਂ ਨਾਭੀ ਵਿਚ ਅੱਗਨ ਬਾਣ ਮਾਰਿਆ ਸੀ। ਤਾਂ ਰਾਵਣ ਮਰਿਆ ਸੀ। ਗੁਰੂ ਜੀ ਲਿਖਦੇ ਹਨ, ਕੇ ਭੇਦ ਰਾਵਣ ਦੇ ਭਰਾ ਬਭੀਸ਼ਨ ਨੇ ਦਿਤਾ ਸੀ।



ਗੁਰਮੁਖਿ ਸਾਇਰਿ ਪਾਹਣ ਤਾਰੇ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ {ਪੰਨਾ ੯੪੨ }

ਅਰਥ: ਗੁਰਮੁਖਿ=ਵਸ਼ਿਸ਼ਟ ਗੁਰੂ ਦੀ ਕ੍ਰਿਪਾ ਕਰਕੇ ਸਮੁੰਦ੍ਰ ਤੇ ਪਥਰ ਤਾਰੇ ਤੇਤੀ ਕ੍ਰੋੜ ਜਿਹੜੇ ਦੇਵਤੇ ਬੰਦੀ ਖਾਨੇ ਵਿਚ ਰਖੇ ਸੀ ਰਾਵਣ ਨੇਂ, ਸਾਰਿਆਂ ਨੂੰ ਉਧਾਰੇ॥ ਬੰਦ ਖਲਾਸੀ ਕਰਾ ਦਿਤੀ, ਆਜ਼ਾਦ ਹੋ ਗਏ। ਦੇਵਤਿਆਂ ਨੇ ਰਾਮ ਜੀ ਦੀ ਜੈ ਜੈ ਕਾਰ ਕੀਤੀ, ਕੇ ਹੇ ਪ੍ਰਭੂ ਆਪ ਜੀ ਨੇ ਕ੍ਰਿਪਾ ਕੀਤੀ ਹੈ।

ਆਸਾ ਕਬੀਰ ਜੀਉ॥ {ਪੰਨਾ ੪੮੧}

ਇਕ ਲਖ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨॥

ਅਰਥ: ਰਾਵਣ ਦੇ ਘਰ ਵਿਚ ਇਕ ਲੱਖ ਪੁੱਤਰ, ਸਵਾ ਲੱਖ ਨਾਤੀ=ਪੋਤਰਾ ਸੀ। ਪਰ ਹੰਕਾਰ ਦੇ ਕਾਰਣ ਕਰਕੇ ਸਾਰੀ ਬੰਸੁ ਹੀ ਮਾਰੀ ਗਈ , ਦੀਵੇ ਗੁਲ ਹੋ ਗਏ। ਅਸ਼ੋਕ ਬਾਗ ਵਿਚੋਂ ਸੀਤਾ ਜੀ ਨੂੰ ਲੈ ਕੇ ਆਏ । ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੂੰ ਰਾਜ ਗੱਦੀ ਤੇ ਬਿਠਾ ਕੇ ਅਯੁਧਿਆ ਨਗਰੀ ਵਿਚ ਆਏ।

ਉਸ ਸਮੇਂ ਤਕ 14 ਸਾਲ ਦਾ ਬਨਵਾਸ ਵੀ ਪੂਰਾ ਹੋ ਗਿਆ ਸ੍ਰੀ ਰ੍ਰਾਮ ਚੰਦ੍ਰ ਜੀ ਲਖਮਣ ਜੀ ਅਤੇ ਸੀਤਾ ਮਾਤਾ ਦਾ ਆਗਮ ਸੁਣਕੇ ਰਾਜ ਘਰਾਣੇ ਵਿਚ ਤਾਂ ਖੁਸ਼ੀਆਂ ਅਤੇ ਦੀਪ ਮਾਲਾ ਹੋਈ ਹੀ ਸੀ। ਸਾਰੇ ਅਯੁਧਿਆ ਵਾਸੀਆਂ ਨੇਂ ਦੀਵੇ ਜਗਾਏ ਅਤੇ ਇਕ ਦੂਜੇ ਨੂੰ ਜਾਂ ਗਰੀਬਾਂ ਨੂੰ ਮਿਠਾਈਆਂ ਵੰਡੀਆਂ। ਸਾਰੀ ਅਯੁੱਧਿਆ ਨਗਰੀ ਦੀਪ ਮਾਲਾ ਨਾਲ ਜਗ ਮਗਾ ਉਠੀ। ਦੀਪ ਵਾਲੀ ਤੋਂ ਇਸ ਦਾ ਨਾਮ ਦੀਵਾਲੀ ਪੈ ਗਿਆ। ਜੋ ਤ੍ਰੇਤੇ ਯੁਗ ਤੋਂ ਲੈ ਕੇ ਹਰ ਸਾਲ ਸਾਰੇ ਇੰਡੀਆ ਵਿਚ ਮਨਾਈ ਜਾਂਦੀ ਹੈ। {ਭੱਟਾਂ ਨੇ ਗੁਰੂ ਰਾਮ ਦਾਸ ਜੀ ਦੀ ਸਿਫਤ ਕਰਨ ਸਮੇਂ ਕਿਹਾ ਹੈ, ਆਪ ਜੀ ਪ੍ਰਭੂ ਸਰੂਪ ਹੋ, ਆਪ ਤ੍ਰੇਤੇ ਜੁਗ ਵਿੱਚ ਰਾਮਚੰਦ੍ਰ ਰੂਪ ਲੈ ਕੇ ਆਏ ਸੀ।

ਸਵਈਏ ਮਹਲੇ ਚੌਥੇ ਕੇ॥ {ਪੰਨਾ ੧੪੦੨}

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥੨॥ ਸਤਿਗੁਰੁ ਗੁਰੁ ਸੇਵ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥

ਅਰਥ: ਭੱਟ ਗੁਰੂ ਰਾਮ ਦਾਸ ਜੀ ਨੂੰ ਬੇਨਤੀ ਕਰਦੇ ਹਨ: ਜਿਸ ਸਮੇਂ ਆਪ ਜੀ ਰਘੁਬੰਸ ਵਿਚ ਬੜੇ ਹੀ ਸੋਹਣੇ ਸੁੰਦਰ ਸਰੂਪ ਵਾਲੇ ਹੋ ਕੇ=ਦਸਰਥ ਘਰਿ=ਦਸਰਥ ਰਾਜੇ ਦੇ ਘਰ ਵਿਚ ਆਏ ਸੀ, ਬੜੇ ਬੜੇ ਰਿਸ਼ੀ ਮੁਨੀ ਆਪ ਜੀ ਦੇ ਦਰਸ਼ਨਾਂ ਨੂੰ ਬੰਸਹਿ =ਚਾਹੁੰਦੇ ਸੀ। ਅਤੇ ਆਪ ਜੀ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਚਾਹੁੰਦੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਦੀ ਗਤੀ ਅਲਖ ਹੈ ਜਾਨਣ ਤੋਂ ਰਹਿਤ ਹੈ, ਸ੍ਰੀ ਗੁਰੂ ਰਾਮ ਦਾਸ ਜੀ ਕਲਜੁਗੀ ਜੀਵਾਂ ਨੂੰਤਾਰਣ ਨੂੰ ਜਹਾਜ਼ ਰੂਪ ਹਨ॥2॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਸਵਈਏ ਮਹਲੇ ਚੌਥੇਕੇ॥ {ਪੰਨਾ ੧੪੦੩}

ਅਰਥ: ਹੇ ਗੁਰੂ ਰਾਮ ਦਾਸ ਜੀ :- ਆਪ ਸੱਚ ਸਰੂਪ ਹੋ ਭਾਵ ਪ੍ਰਮੇਸਰ ਸਰੂਪ ਹੋ, ਸ੍ਰੀ ਨਿਵਾਸ = ਤੋਂ ਭਾਵ ਹੈ ਲਛਮੀ ਆਪ ਜੀ ਦੇ ਚਰਨਾਂ ਵਿਚ ਨਿਵਾਸ ਰਖਦੀ ਹੈ। ਆਪ ਸਦਾ ਰਹਿਣ ਵਾਲੇ ਪ੍ਰਮਾਤਮਾਂ ਸਰੂਪ ਹੋ ਸਮੇਂ ਸਮੇਂ ਧਰਮ ਦੀ ਪਾਲਣਾ ਕਰਨ ਲਈ ਸਰਗੁਣ ਸਰੂਪ ਮਨੁੱਖਾ ਦੇਹੀ ਧਾਰਨ ਕਰਦੇ ਹੋ। ਆਪ ਸਤਿ ਜੁਗ, ਤ੍ਰੇਤਾ ਦੁਆਪੁਰ, ਕਲਯੁਗ, ਚਾਰਾਂ ਜੁਗਾਂ ਵਿਚ ਵਾਹਿਗੁਰੂ ਵਾਹਿ = ਅਸਚਰਜ ਹੋ ਅਗਿਆਨ ਰੂਪ , ਗੁ=ਹਨੇਰੇ ਦਾ ਨਾਸ ਕਰਕੇ ਗਿਆਨ , ਰੂ=ਪ੍ਰਕਾਸ਼ ਕਰਦੇ ਹੋ।ਹੇ ਗੁਰੂ ਰਾਮ ਦਾਸ ਜੀ ਆਪ ਧੰਨ ਹੋ ਆਪ ਜੀ ਦੀ ਲੀਲਾ ਲਖੀ ਨਹੀਂ ਜਾਂਦੀ।

ਬੇਨਤੀ ਹੈ ਸਾਧ ਸੰਗਤ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰ ਰਹੇ ਹਨ ਭੱਟ।

ਸਵਈਏ ਮਹਲੇ ਪਹਿਲੇ ਕੇ ॥ {ਪੰਨਾ ੧੩੯੦}

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥

ਤ੍ਰੇਤੈ ਤੈ ਮਾਣਿਓ ਰਾਮੁ ਰਘਵੰਸੁ ਕਹਾਇਓ॥

ਅਰਥ: ਹੇ ਸਤਿਗੁਰੂ ਨਾਨਕ ਦੇਵ ਜੀ ਆਪ ਜੀ ਨੇਂ ਸਤਜੁਗ ਵਿਚ ਬਾਵਨ ਅਵਤਾਰ ਧਾਰਕੇ ਰਾਜੇ ਬਲ ਨੂੰ ਛਲਿਆ ਸੀ। ਤ੍ਰੇਤੇ ਜੁਗ ਵਿਚ ਆਪ ਜੀ ਨੇਂ ਰਘੁਵੰਸੁ=ਕੁਲ ਵਿਚ ਰਾਮ ਚੰਦ੍ਰ ਰੂਪ ਧਾਰਨ ਕੀਤਾ, ਰਾਵਣ ਦੇ ਮਾਰਨ ਲਈ ਆਏ ਸੀ।

ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥

ਉਘਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

ਅਰਥ:- ਗੁਰੂ ਨਾਨਕ ਨੇਂ ਹੀ ਪਾਪੀ ਰਾਜੇ ਕੰਸ਼ ਨੂੰ ਕ੍ਰਿਸ਼ਨ ਰੂਪ ਹੋ ਕੇ ਮਾਰਿਆ ਅਤੇ ਕਿਰਤਾਰਥ=ਕਲਿਆਣ ਕੀਤੀ ਕੰਸ ਦੀ। ਮੱਥਰਾ ਦਾ ਰਾਜ ਉਗ੍ਰਸੈਣ ਜੀ ਨੂੰ ਦਿਤਾ। ਕਲਿਜੁਗਿ ਪ੍ਰਮਾਣੁ ਨਾਨਾਕ ਗੁਰੁ ਅੰਗਦੁ ਅਮਰੁਕਹਾਇਓ॥

ਸਤਿਗੁਰੂ ਨਾਨਕ ਦੇਵ ਜੀ:- ਪਿਛਲਿਆਂ ਜੁਗਾਂ ਵਾਂਗ ਪ੍ਰਮਾਣ =ਪਰਤੱਖ ਕਲਜੁਗ ਵਿਚ ਆਪ ਜੀ = ਗੁਰੂ ਨਾਨਕ , ਗੁਰੂ ਅੰਗਦ ਅਤੇ ਗੁਰੂ ਅਮਰਦਾਸ ਨਾਮੁ ਕਹਾਏ ਹੋ।ਹੁਣ ਆਪਾਂ ਤੁਹਾਡੀ ਹੋਰ ਤਸੱਲੀਬਖਸ਼ ਲਈ ਪੰਚਮ ਪਿਤਾ ਜੀ ਨੂੰ ਪੁਛਦੇ ਹਾਂ।

ਸ੍ਰੀ ਰਾਮ ਚੰਦ੍ਰ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥ ਮਾਰੂ ਮਹਲਾ ੫ {ਪੰਨਾ ੧੦੮੨}

ਅਰਥ: ਜਿਸ ਪਰਮਾਤਮਾਂ ਦਾ ਕੋਈ ਰੂਪ ਰੇਖਾ ਨਹੀਂ ਹੈ। ਉਹ ਆਪ ਹੀ ਰਾਮ ਚੰਦ੍ਰ ਰੂਪ ਹੋ ਕੇ ਆਇਆ। ਬਨਵਾਲੀ=ਸੰਸਾਰ ਰੂਪੀ ਬਨ ਦਾ ਵਾਲੀ =ਮਾਲਕ, ਬਾਗ ਦਾ ਮਾਲੀ, ਸੁਦਰਸ਼ਨ ਚੱਕਰ ਨੂੰ ਧਾਰਨ ਕਰਕੇ, ਚਕ੍ਰਪਾਣ ਨਾਮ ਪੈਗਿਆ ਪ੍ਰਮਾਤਮਾ ਦਾ। ਵੈਰਾਟ ਰੂਪ ਹੋਣ ਕਰਕੇ ਉਸ ਦੇ ਹਜ਼ਾਰਾਂ ਨੇਤਰ ਹਨ, ਹਜ਼ਾਰਾਂ ਮੂਰਤੀਆਂ ਹਨ, ਪਰਮੇਸ਼ਰ ਇਕ ਦਾਤਾ ਹੈ।

ਬਾਕੀ ਸਭ ਚੌਰਾਸੀ ਲੱਖ ਜੂਨਾਂ ਉਸ ਦੇ ਅਗੇ ਹਥ ਪਸਾਰ ਕੇ ਮੰਗਦੇ ਹਨ।

ਨੋਟ: ਕਈ ਗੁਰਮੁਖ ਪਿਆਰੇ ਸੰਕਾ ਕਰਨਗੇ ਕੇ ਭੱਟਾਂ ਦੀ ਬਾਣੀ ਹੈ। ਤੁਹਾਡੀ ਤਸੱਲੀ ਲਈ ਮਾਰੂ ਮਹਲਾ ੫॥ {ਪੰਨਾ ੧੦੮੨} ਤੇ ਰਾਮ ਚੰਦ੍ਰ ਜੀ ਦੀ ਸਿਫਤ ਗੁਰੂ ਅਰਜਨ ਦੇਵ ਜੀ ਨੇਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ਬਹੁਤ ਪ੍ਰਮਾਣ ਹਨ। ਜੋ ਇਕੋ ਜੋਤ ਲਿਖਦੇ ਹਨ, ਨਰਸਿੰਘ ਅਵਤਾਰ, ਰਾਮ ਚੰਦ੍ਰ ਜੀ, ਬਾਵਨ ਅਵਤਾਰ, ਕ੍ਰਿਸ਼ਨ ਭਗਵਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤਕ ਅੱਗੇ ਨਿਹ ਕਲੰਕ ਆਏਗਾ। ਕਲਜੁਗ ਦੇ ਸਮੇਂ ਵਿਚ ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਆਲੀਅਰ ਦੇ ਕਿਲੇ ਵਿਚ 52 ਰਾਜਿਆਂ ਨੂੰ ਰਿਹਾ ਕਰਾਕੇ ਆਏ ਸਨ, ਉਸ ਦਿਨ ਤੋਂ ਇਹਨਾਂ ਦਾ ਨਾਮੁ=ਬੰਦੀ ਛੋਡ ਪੈ ਗਿਆ। ਅਤੇ ਮਜ਼ਲੋ ਮਜ਼ਲੀ ਅੰਮ੍ਰਿਤਸਰ ਪਹੁੰਚੇ ਤਾਂ ਸਾਰੀ ਗੁਰੂ ਕੀ ਨਗਰੀ ਵਾਲਿਆਂ ਨੇਂ ਖੁਸ਼ੀਆਂ ਮਨਾਈਆਂ ਅਤੇ ਬਾਬਾ ਬੁਢਾ ਜੀ ਨੇਂ ਦਰਬਾਰ ਸਾਹਿਬ ਅਤੇ ਸਰੋਵਰ ਦੀਆਂ ਪ੍ਰਕਮਾਂ ਵਿਚ ਦੀਪ ਮਾਲਾ ਕੀਤੀ ਸੀ। ਉਸ ਦਿਨ ਤੋਂ ਸਿਖ ਸੰਗਤਾਂ ਵਿਚ ਇਹ ਦੀਵਾਲੀ ਪ੍ਰਮੇਸਵਰ ਸਰੂਪ ਬੰਦੀ ਛੋਡ ਦੇ ਨਾਮ ਨਾਲ ਪ੍ਰਸਿੱਧ ਹੋਈ। ਸਿਖ ਜਗਤ ਨੂੰ ਅਤੇ ਸਾਰੇ ਭਾਰਤ ਵਾਸੀਆਂ ਨੂੰ ਦਾਸ=ਕੀਟ ਵਲੋਂ ਦੀਵਾਲੀ ਮੁਬਾਰਕ ਹੋਵੇ ਜੀ।

ਦਾਸ=ਹੋਈਆਂ ਭੂਲਾਂ ਦੀ ਮਾਫੀ ਚਾਉਂਦਾ ਹਾਂ ਜੀ।




# ਅੰਮ੍ਰਿਤਸਰ ਦੀ ਦੀਵਾਲੀ ਦੀ ਵਿਲੱਖਣਤਾ

-ਰੂਪ ਸਿੰਘ-

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਵਰੋਸਾਏ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਸ਼ਾਨ ਤੇ ਇਤਿਹਾਸਕ ਗੌਰਵ ਹੈ। ਏਸ਼ੀਆ ਮਹਾਂਦੀਪ ਦੇ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅੰਮ੍ਰਿਤਸਰ ਸਿੱਖ ਧਰਮ ਦਾ ਕੇਂਦਰੀ ਸਥਾਨ, ਸਿੱਖ ਵਿਸ਼ਵਾਸਾਂ ਦਾ ਧੁਰਾ ਤੇ ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਸ਼ੁਰੂਆਤ ਕਰਾਈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਸੰਪੂਰਨ ਤੇ ਪੱਕਾ ਕਰ ਕੇ ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ ਸਰੋਵਰ ਅਤੇ ਹਰਿ-ਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਅਤੇ ਇਮਾਰਤ ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ (ਪੰਨਾ 1362)

1604 ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿ-ਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਕਰ ਦਿੱਤਾ। ਧਰਮ ਪ੍ਰਚਾਰ ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ, ਮੁਸਲਮਾਨ ਗੁਰੂ ਘਰ ਵੱਲ ਪ੍ਰੇਰਿਤ ਹੋਏ।

ਹਰ ਸਿੱਖ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨੇ ਲੋਚਦਾ ਹੈ। ਹਰਿਮੰਦਰ ਸਾਹਿਬ ਕਿਸੇ ਵਿਅਕਤੀ ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਸਗੋਂ ਇਹ ਪਰਮਾਤਮਾ ਦੀ ਏਕਤਾ, ਮਨੁੱਖੀ ਬਰਾਬਰਤਾ, ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਸਤਿਗੁਰਾਂ ਦੇ ਗੁਰਪੁਰਬ, ਗੁਰਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਤੇ ਗੁਰਗੱਦੀ ਦਿਵਸ ਮਨਾਏ ਜਾਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਅਤੇ ਦੀਵਾਲੀ ਦਾ ਦਿਨ 'ਬੰਦੀ ਛੋੜ ਦਿਵਸ' ਦੇ ਰੂਪ ਵਿੱਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿੱਚ ਦੀਵਾਲੀ ਦੀਪ-ਪੂਜਾ ਤੇ ਲਕਸ਼ਮੀ-ਪੂਜਾ ਦੇ ਰੂਪ ਵਿੱਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿੱਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰਦੇ ਤੇ ਆਪਣੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ ਉਕਤੀ ਪ੍ਰਚੱਲਿਤ ਹੋ ਗਈ:

'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

ਇਤਿਹਾਸ ਅਨੁਸਾਰ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ ਪੱਖ ਦੇ ਵਿਰੁੱਧ ਸੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਸ਼ਕਤੀ ਨਹੀਂ ਸੀ ਭਾਉਂਦੀ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ ਸੀ। ਬਾਦਸ਼ਾਹ ਜਹਾਂਗੀਰ ਦਾ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਦੱਬ ਜਾਵੇਗੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ, ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਤੇ ਚੰਗੇ ਘੋੜੇ ਤੇ ਬਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦਰਮਾ ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਕੇ ਪ੍ਰੇਸ਼ਾਨ ਹੋ ਗਿਆ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ, ਜਿਥੇ ਪਹਿਲਾਂ ਹਿੰਦੂ ਰਾਜੇ ਬੰਦੀ ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ ਦੇ ਸਿੱਖਾਂ ਵਿੱਚ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਸੰਗਤਾਂ ਮਸ਼ਾਲਾਂ ਜਗਾ ਕੇ ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਈ ਮੀਆਂ ਮੀਰ ਵਰਗੇ ਇਨਸਾਫ ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' ਕਿਹਾ ਜਾਣ ਲੱਗਾ।

ਰਿਹਾਈ ਪਿੱਛੋਂ ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਦੇ ਸਿੱਖਾਂ ਨੇ ਘਿਉ ਦੇ ਦੀਵੇ ਜਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ, ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ ਛੋੜ' ਦਿਵਸ ਵਜੋਂ ਮਨਾਉਣ ਲੱਗ ਪਏ। ਹਰ ਸਾਲ ਦੀਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ 'ਸਰਬੱਤ ਖਾਲਸਾ' ਦਾ ਨਾਂ ਦਿੱਤਾ ਜਾਂਦਾ ਤੇ ਹੋਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਤੇ ਮੁਕੰਮਲ ਰੂਪ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਇਤਿਹਾਸਕ ਪੱਖੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿੱਚ ਤੇਲ ਨਹੀਂ, ਕੌਮਾਂ ਨੂੰ ਰੋਸ਼ਨੀ ਦੇਣ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੋਸ਼ਨੀ ਵਿੱਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨਾ ਕੀਜੈ॥ (ਪੰਨਾ 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ ਰਹਰਾਸਿ ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜੀ ਤੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸਰਵਣ ਕਰਨ ਲਈ ਜੁੜ ਬੈਠਦੀਆਂ ਹਨ। ਰਹਰਾਸਿ ਦੇ ਪਾਠ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ੀ ਚੱਲਦੀ ਹੈ। ਮੱਸਿਆ ਦੀ ਕਾਲੀ ਰਾਤ ਵਿੱਚ ਜਗਦੇ ਦੀਵੇ ਜੀਵਨ ਦਾ ਰਾਹ ਦਿਖਾਉਂਦੇ ਹਨ। ਇਤਿਹਾਸਕ ਘਟਨਾਵਾਂ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ।

ਸਤਿਗੁਰੂ ਦੇ ਹੁਕਮ ਵਿੱਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿੱਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

ਦੁਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।




ਸਮੁੱਚੇ ਭਾਈਚਾਰੇ ਨੂੰ ਦੀਵਾਲੀ ਦੀ ਲੱਖ ਲੱਖ ਵਧਾਈ

For All Your Real Estate Needs
Residential | Commercial | Industrial



Raja Randhawa
Sales Representative
Sandy Randhawa
Sales Representative

Reasons To Choose Us
- Free Market Evaluation
- Free Advertisement of your property
- Attractive Listing Prices
- Open Houses

Century 21
President Realty Inc. Brokerage*

Raja Randhawa: 647.391.6000 | Off: 905.488.2100 Ext. 378

Happy Diwali

THE RIGHT BROKER™
THE RIGHT MORTGAGE®






MORTGAGE ALLIANCE

CONTACT ME TODAY FOR DETAILS

Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
Corp. Office: 200-2005 Sheppard Avenue E, Toronto, ON, M2J 5B4

GET PRE-APPROVED
& SHOP WITH CONFIDENCE



- Save Money ... with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

- ✓ PURCHASES
- ✓ REFINANCES
- ✓ RENEWALS
- ✓ DEBT CONSOLIDATION
- ✓ SELF-EMPLOYED
- ✓ NEW TO CANADA
- ✓ HOME RENOVATIONS
- ✓ PRIVATE MORTGAGE
- ✓ INVESTMENTS

NOW HIRING
Start your career as a Mortgage Professional.

Law Office of Aman Sharma



ਦਿਵਾਲੀ ਦੀਆਂ
ਲੱਖ ਲੱਖ ਵਧਾਈਆਂ



*Providing excellent quality legal services to our clients*

Aman Sharma

◦Real Estate ◦Civil Law ◦Immigration Services
◦Business Purcahse & Sale ◦Notarizations & Affidavits

Tel: 905-913-2355
Fax:905-913-2344

4515 Ebenezer Rd, Suite 211, Brampton, Ontario L6P2K7

# ਦੀਵਾ ਬਲੈ ਅੰਧੇਰਾ ਜਾਇ..

-ਡਾ. ਪ੍ਰਿਤਪਾਲ ਸਿੰਘ ਮਹਿਰੋਕ

ਦੀਵਾ ਜਗ ਰਿਹਾ ਹੈ। ਚਾਨਣ ਫੈਲ ਰਿਹਾ ਹੈ। ਹਨੇਰਾ ਮਿਟ ਰਿਹਾ ਹੈ। ਹਨੇਰੇ ਨੂੰ ਮਿਟਾਉਣਾ ਤੇ ਚਾਨਣ ਦਾ ਪਾਸਾਰ ਕਰਨਾ ਦੀਵੇ ਦਾ ਧਰਮ ਹੈ। ਦੀਵਾ ਘਰਾਂ ਦੀ ਬਰਕਤ ਹੁੰਦਾ ਹੈ। ਸਰਕਲ ਦੀ ਹਲੀਮੀ! ਗਿਆਨ, ਸੱਚ, ਉਜਾਲੇ, ਸ਼ਕਤੀ, ਖੁਸ਼ੀ, ਖੇੜੇ, ਜ਼ਿੰਦਗੀ ਦੇ ਹੱਸਦੇ ਪਾਸੇ, ਰੌਸ਼ਨ ਰਾਹਾਂ ਆਦਿ ਦਾ ਪ੍ਰਤੀਕ ਸਮਝਿਆ ਜਾਂਦਾ ਹੈ ਦੀਵੇ ਨੂੰ! ਹਰੇਕ ਸਮੇਂ ਦੇ ਸੱਚ ਅਤੇ ਅਸਲੀਅਤ ਦਾ ਸਿਰਨਾਵਾਂ ਹੁੰਦਾ ਹੈ ਦੀਵਾ! ਇਹ ਹਨੇਰੇ ਉਪਰ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਰੱਖਦਾ ਹੈ! ਹਾਲਾਤ ਨਾਲ ਮੁਕਾਬਲਾ ਕਰਨ ਦਾ ਹੌਸਲਾ ਰੱਖਦਾ ਹੈ! ਅੱਖੜਖਾਂਦ ਹਵਾਵਾਂ ਨਾਲ ਲੜਨ ਦਾ ਜਿਗਰਾ ਹੁੰਦਾ ਹੈ!

ਮਨੁੱਖੀ ਜ਼ਿੰਦਗੀ ਨੂੰ ਰੁਸ਼ਨਾਉਣ ਵਿੱਚ ਦੀਵੇ ਦੀ ਮੁੱਢਲੀ ਅਤੇ ਮਹੱਤਵ ਪੂਰਨ ਭੂਮਿਕਾ ਹੁੰਦੀ ਹੈ। ਦੀਵੇ ਨੂੰ ਮਨੁੱਖ ਦੀਪ, ਦੀਪਕ, ਦੀਵੜਾ, ਦੀਵੜਿਆ ਆਦਿ ਕਹਿ ਕੇ ਉਸ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ ਨੂੰ ਪ੍ਰਗਟ ਕਰਦਾ ਆਇਆ ਹੈ। ਦੀਵੇ ਦੀ ਰੌਸ਼ਨੀ ਮਨੁੱਖ ਨੂੰ ਰਸਤੇ ਵਿਖਾਉਂਦੀ ਆਈ ਹੈ, ਉਸ ਦੇ ਰਾਹ ਰੁਸ਼ਨਾਉਂਦੀ ਆਈ ਹੈ, ਉਸ ਨੂੰ ਗਿਆਨ ਪ੍ਰਦਾਨ ਕਰਦੀ ਹੈ, ਉਸ ਨੂੰ ਤਾਕਤ ਬਖਸ਼ਦੀ ਆਈ ਹੈ। ਦੀਵੇ ਤੋਂ ਦੀਵਾ ਜਗਾਉਣ ਦਾ ਹੁਨਰ ਹੋ ਸਕਦਾ ਹੈ ਮਨੁੱਖ ਨੇ ਦੀਵੇ ਕੋਲੋਂ ਹੀ ਸਿੱਖਿਆ ਹੋਵੇ। ਪੰਜਾਬੀ ਲੋਕਧਾਰਾ ਵਿੱਚ ਦੀਵੇ ਦਾ ਜ਼ਿਕਰ ਕਈ ਪ੍ਰਸੰਗਾਂ ਵਿੱਚ ਹੋਇਆ ਮਿਲਦਾ ਹੈ:

ਦੀਵੜੇ ਵੱਟ
ਖੈਰੀ ਆਉਣ ਖੱਟ
ਦੀਵੜੇ ਤੇਲ
ਰੱਬਾ ਵਿੱਛੜੇ ਮੇਲ।
ਦੀਵਟ ਜਲੇ
ਸੰਧਿਆ ਟਲੇ
ਦੁੱਧ ਪੁੱਤ ਲੱਛਮੀ
ਘਰ ਪ੍ਰਕਾਸ਼ ਕਰੇ।

ਜਗਦਾ ਦੀਵਾ ਜਾਂ ਦੀਵੇ ਬਾਲਣਾ ਆਸਥਾ ਦੀ ਪ੍ਰਤੀਕ ਵੀ ਹੈ। ਪੀਰ, ਫਕੀਰ ਦੀ ਦਰਗਾਹ 'ਤੇ ਦੇਹਰੀ 'ਤੇ ਜਗਦਾ ਦੀਵਾ ਵੀ ਕਿਸੇ ਨੂੰ ਆਤਮਿਕ ਬਲ ਪ੍ਰਦਾਨ ਕਰਦਾ ਹੋ ਸਕਦਾ ਹੈ। ਕਿਸੇ ਨੂੰ ਸੇਧ ਦੇ ਰਿਹਾ ਹੋ ਸਕਦਾ ਹੈ। ਕਿਸੇ ਨੂੰ ਆਪੇ ਨੂੰ ਮਿਟਾ ਕੇ ਦੂਜਿਆਂ ਨੂੰ ਲੋਅ ਵੰਡਣ ਵਾਲੇ ਸਾਧਕ ਵਰਗਾ ਹੋ ਸਕਦਾ ਹੈ। ਦੀਵ ਦੀ ਰੌਸ਼ਨੀ ਰਾਹ ਦਰਸਾਉਂਦੀ ਹੈ। ਦਿਸ਼ਾ ਦੀ ਸੂਚਨਾ ਦਿੰਦੀ ਹੈ। ਦੀਵਾ ਮਨੁੱਖ ਨੂੰ ਆਸ਼ਾਵਾਦੀ ਹੋਣ ਦਾ ਸੰਦੇਸ਼ ਦਿੰਦਾ ਹੈ। ਜੀਵਨ ਦੀ ਆਸ ਨੂੰ ਪਕੇਰਿਆਂ ਕਰਦਾ ਹੈ:

ਆੜੂਏ ਦਾ ਬੂਟਾ ਅਸਾਂ ਪਾਣੀ ਦੇ ਦੇ ਪਾਲਿਆ
ਆਸ ਵਾਲਾ ਦੀਵਾ, ਅਸਾਂ ਵਿਹੜੇ ਵਿੱਚ ਬਾਲਿਆ।

ਦੀਵੇ ਅਤੇ ਉਸ ਵਿਚਲੀ ਬੱਤੀ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੀਵੇ ਵਿਚਲਾ ਤੇਲ ਜਾਂ ਘਿਓ ਉਸ ਦੀ ਜ਼ਿੰਦ ਜਾਨ ਹੈ। ਸ਼ਾਲਾ! ਦੀਵਿਆਂ ਵਿਚਲੀਆਂ ਬੱਤੀਆਂ ਸਦਾ ਸਲਾਮਤ ਰਹਿਣ, ਦੀਵਿਆਂ ਵਿਚਲਾ ਤੇਲ, ਘਿਓ ਕਦੇ ਨਾ ਮੁੱਕੇ ਅਤੇ ਦੀਵੇ ਜਗਦੇ ਰਹਿਣ! ਦੀਵਾ ਹਨੇਰੇ ਤੋਂ ਰੌਸ਼ਨੀ ਵੱਲ ਜਾਣ ਦੇ ਨਿਸ਼ਚੇ ਦਾ ਵੀ ਪ੍ਰਤੀਕ ਹੈ। ਅਰਜ਼ੋਈ ਕੀਤੀ ਜਾਂਦੀ, 'ਐ ਮਾਲਕ, ਮੈਨੂੰ ਹਨੇਰੇ ਤੋਂ ਰੌਸ਼ਨੀ ਵੱਲ ਜਾਣ ਦਾ ਰਸਤਾ ਦੱਸ।' ਦੁਨੀਆ ਦੇ ਧਰਮ ਮਨੁੱਖ ਨੂੰ ਆਤਮਿਕ ਪ੍ਰਕਾਸ਼ ਹਾਸਲ ਕਰਨ ਲਈ ਰੌਸ਼ਨੀ ਵੱਲ ਜਾਂਦੇ ਰਾਹ ਦਰਸਾਉਂਦੇ ਹਨ। ਧਰਮ ਮਨ ਅੰਦਰ ਗਿਆਨ ਦਾ ਦੀਵਾ ਜਗਾਉਣ ਦੀ ਪ੍ਰੇਰਨਾ ਵੀ ਦਿੰਦੇ ਹਨ। ਅੱਖਾਂ ਦੀ ਬਾਹਰੀ ਤੇ ਦੁਨਿਆਵੀ ਰੌਸ਼ਨੀ ਦੇ ਨਾਲ-ਨਾਲ ਅੰਦਰ ਪ੍ਰਕਾਸ਼ ਕਰਨ ਲਈ ਵੀ ਦੀਵੇ ਜਗਾਉਣ ਦੀ ਲੋੜ ਹੈ। ਪੰਜਾਬੀ ਦੇ ਇਕ ਲੋਕਗੀਤ ਦੀਆਂ ਤੁਕਾਂ ਹਨ:

ਅਸੀਂ ਸੰਗਤਾਂ ਦੀ ਸ਼ਰਣਾਈ,
ਨੇਮ ਵਾਲਾ ਦੀਵਾ ਬਾਲਿਆ।



ਸਾਡੇ ਸੰਗਤਾਂ ਦੇ ਬੂਹੇ ਉਤੇ,
ਸਿਆਲ ਦੇ ਹੁਨਾਲ ਬੀਤਦੇ।
ਸੰਗਤਾਂ ਦੀ ਜੋਤ ਸਵਾਈ,
ਰੱਬ ਵਾਲਾ ਦੀਵਾ ਬਲਦਾ।

ਦੀਵਾ, ਦੀਵੇ ਦੀ ਬੱਤੀ, ਦੀਵੇ ਦੀ ਲਾਟ, ਜਗਦੀ ਜੋਤ ਧਰਮ, ਲੋਕ ਧਰਮ, ਪੂਜਾ ਅਤੇ ਪੂਜਾ ਵਿਧੀਆਂ ਨਾਲ ਵੀ ਜੁੜਦੇ ਹਨ। ਇਸ ਖੇਤਰ ਵਿੱਚ ਵੀ ਦੀਵਾ ਪ੍ਰਕਾਸ਼ ਦੀ ਉਤਪਤੀ ਕਰਨ ਦਾ ਸਰੋਤ-ਵਸੀਲਾ ਬਣਦਾ ਹੈ। ਇਹ ਪ੍ਰਕਾਸ਼ ਬਹੁਤ ਗਹਿਰੇ ਅਤੇ ਵਿਸਤ੍ਰਿਤ ਅਰਥ ਗ੍ਰਹਿਣ ਕਰਦਾ ਹੈ। ਸਮਾਜ ਦੇ ਕਈ ਵਰਗਾਂ ਵਿੱਚ ਕਾਨਿਆਂ ਜਾਂ ਛਿੱਲੜਾਂ ਦੇ ਫੂਹੜ ਉਤੇ ਚਾਰ ਚੁਫੇਰੇ ਘਿਓ ਦੇ ਸੱਤ ਦੀਵੇ ਬਾਲ ਕੇ ਪੂਜਾ ਕਰਨ ਦੌਰਾਨ ਹੇਠ ਲਿਖੀਆਂ ਤੁਕਾਂ ਉਤਾਰੀਆਂ ਜਾਂਦੀਆਂ ਸਨ:

ਅੱਗੇ ਮੇਰੇ ਦੀਵੜਾ
ਪਿੱਛੇ ਮੇਰੇ ਦੀਵੜਾ
ਦੀਵਟ ਧਰੀ ਵਿਚਕਾਰ
ਰਾਮ ਉਤਾਰੇ ਪਾਰ।

ਜ਼ਿਆਦਾ ਦਿਨਾਂ ਤੱਕ ਬੱਦਲ ਛਾਏ ਰਹਿਣ ਅਤੇ ਮੀਂਹ ਵਧੇਰੇ ਪੈਣ 'ਤੇ ਦੁਖੀ ਹੋਏ ਲੋਕ ਸੂਰਜ ਨਾਲ ਗਿਲ੍ਹਾ ਪ੍ਰਗਟ ਕਰਦਿਆਂ ਛੇਤੀ ਵਿਖਾਈ ਦੇਣ ਲਈ ਕਹਿੰਦੇ ਹਨ। ਜੇ ਦਿਨ ਵੇਲੇ ਵੀ ਦੀਵਾ ਜਗਾਉਣ ਦੀ ਲੋੜ ਪੈ ਜਾਵੇ ਤਾਂ ਸੂਰਜ ਵਾਸਤੇ ਤਾਂ ਨਮੋਸ਼ੀ ਵਾਲੀ ਗੱਲ ਹੋਵੇਗੀ ਹੀ:

ਸੂਰਜਾ ਸੂਰਜਾ ਧੁੱਪ ਚੜ੍ਹਾ
ਧੁੱਪ ਚੜ੍ਹਾ ਕਿ ਬੱਦਲ ਉਡਾ
ਤੇਰੇ ਹੁੰਦਿਆਂ ਦੀਵਾ ਬਾਲਿਆ
ਲਈ ਤੂੰ ਲੱਜ ਲਵਾ!

ਜਗਦੇ ਦੀਵੇ ਨੂੰ ਬਹੁਤ ਸ਼ੁਭ ਸਮਝਿਆ ਜਾਂਦਾ ਹੈ। ਦੀਵਾ ਸੂਰਜ ਦਾ ਸਥਾਨ ਨਹੀਂ ਲੈ ਸਕਦਾ, ਪਰ ਰਾਤ ਦੇ ਹਨੇਰੇ ਨੂੰ ਕੁਝ ਹੱਦ ਤੱਕ ਛੱਡਣ ਦਾ ਯਤਨ ਤਾਂ ਕਰਦਾ ਹੈ। ਦੀਵੇ ਦਾ ਇਹ ਉਪਰਾਲਾ ਸਗਦੀਆਂ ਤੋਂ ਜਾਰੀ ਹੈ। ਉਪਰਾਲਾ ਕਰਨ ਅਤੇ ਆਸ ਰੱਖਣ ਦਾ ਮੰਤਰ ਵੀ ਤਾਂ ਮਨੁੱਖ ਨੇ ਦੀਵੇ ਕੋਲੋਂ ਹੀ ਸਿੱਖਿਆ ਹੈ।

ਜਾ ਦੀਵਿਆ ਘਰ ਆਪਣੇ
ਤੇਰੀ ਮਾਂ ਉਡੀਕੇ ਵਾਰ।
ਆਈ ਅਵੇਰੇ, ਜਾਈਂ ਸਵੇਰੇ
ਸਭੇ ਸ਼ਗਨ ਵਿਚਾਰ।
ਜਾ ਦੀਵਿਆ ਘਰ ਆਪਣੇ
ਸੁੱਖ ਵਸਾਈਂ ਰਾਤ
ਰਿਜ਼ਕ ਲਿਆਈਂ ਭਾਲ
ਤੇਲ ਲਿਆਈਂ ਨਾਲ।

ਦੀਵੇ ਨਾਲ ਅਨੇਕ ਤਰ੍ਹਾਂ ਦੇ ਲੋਕ ਵਿਸ਼ਵਾਸ ਜੁੜੇ ਹਨ। ਖੁਸ਼ੀ ਦੇ ਪ੍ਰਗਟਾਵੇ ਲਈ ਜਿੱਤ ਦੇ ਜਸ਼ਨ ਮਨਾਉਣ ਲਈ ਦੀਵੇ ਜਗਾਏ ਜਾਂਦੇ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਦੀਵਾਲੀ ਰੌਸ਼ਨੀਆਂ ਦਾ, ਜਗਦੇ ਦੀਵਿਆਂ ਦਾ ਤਿਉਹਾਰ ਹੈ। ਜਗਦੇ ਦੀਵਿਆਂ ਦੀ ਕਤਾਰ ਦੇ ਮਨਮੋਹਕ ਦ੍ਰਿਸ਼ ਕੋਲੋਂ ਕੋਈ ਖੁਸ਼ੀਆਂ ਸਾਂਝੀਆਂ ਕਰਨ ਅਤੇ ਖੁਸ਼ੀਆਂ ਨੂੰ ਵਿਸਥਾਰ ਦੇਣ ਦੀ ਜਾਚ ਸਿੱਖੋ। ਖੁੱਲ੍ਹ ਕੇ ਜਿਉਣ ਦਾ ਸਲੀਕਾ ਦੀਵੇ ਤੋਂ ਸਿੱਖਿਆ ਜਾ ਸਕਦਾ ਹੈ। ਕਿਸੇ ਆਪਣੇ ਨੂੰ ਘਰ/ ਸਮਾਗਮ ਉੱਤੇ ਬੁਲਾਉਣਾ ਹੋਵੇ ਤਾਂ ਕਹਿ ਲਿਆ ਜਾਂਦਾ ਹੈ, 'ਤੁਸੀਂ ਜ਼ਰੂਰ ਆਇਓ, ਤੁਹਾਡੀ ਆਮਦ ਨਾਲ ਹੀ ਸ਼ਾਇਦ ਰੌਸ਼ਨੀ ਦੀ ਕੋਈ ਕਿਰਨ ਸਾਡੇ ਦਰ ਤੱਕ ਆ ਪਹੁੰਚੇ, ਜਿਨ੍ਹਾਂ ਰਾਹਾਂ ਤੋਂ ਤੁਸੀਂ ਆਓਗੇ, ਉਨ੍ਹਾਂ ਰਾਹਾਂ ਨੂੰ ਅਸੀਂ ਦੀਵੇ ਬਾਲ ਕੇ ਰੁਸ਼ਨਾਵਾਂਗੇ..।'

ਦੀਵੇ ਜਗਦੇ ਤਾਂ ਮਨ ਨੂੰ ਖੁਸ਼ੀ ਮਿਲਦੀ ਹੈ, ਸ਼ਾਂਤੀ ਮਿਲਦੀ ਹੈ। ਜੇ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈ ਕੇ ਆਪਣੇ ਅੰਦਰ ਗਿਆਨ ਦੇ ਦੀਵੇ ਬਾਲੇ ਤਾਂ ਉਹ ਅਗਿਆਨਤਾ, ਅੰਧਕਾਰ, ਵਿਕਾਰਾਂ, ਮਨ ਦੀਆਂ ਕਾਲਖਾਂ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰਵਾਕ ਹੈ:

'ਦੀਵਾ ਬਲੈ ਅੰਧੇਰਾ ਜਾਇ'

'ਗੁਰਮਤਿ' ਅਰਥਾਂ ਵਿੱਚ ਦੀਵਾ 'ਗੁਰੂ ਜੋਤਿ' ਅਤੇ ਉਸ ਤੋਂ ਹੁੰਦਾ ਪ੍ਰਕਾਸ਼ ਹੈ। ਭਾਈ ਗੁਰਦਾਸ ਜੀ ਆਪਣੀ 19ਵੀਂ ਵਾਰ ਵਿੱਚ ਲਿਖਦੇ ਹਨ:

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।
ਤਾਰੇ ਜਾਤਿ ਸਨਾਤਿ ਅੰਬਰਿ ਭਾਲਿਅਨਿ।

ਹੁਣ, ਆਟੇ, ਮਿੱਟੀ ਦੇ ਦੀਵਿਆਂ ਦੀ ਥਾਂ ਬਿਜਲਈ ਬਲਬਾਂ, ਵੰਨ ਸੁਵੰਨੀਆਂ ਰੰਗ ਬਿਰੰਗੀਆਂ ਰੌਸ਼ਨੀਆਂ, ਐਲ ਈ ਡੀ ਰੌਸ਼ਨੀਆਂ ਆਦਿ ਨੇ ਲੈ ਲਈ ਹੈ। ਉਂਜ ਦੀਵਾਲੀ ਦੀ ਖੁਸ਼ੀ ਘਰ ਵਿੱਚ ਇਕ ਦੀਵਾ ਬਾਲ ਕੇ ਵੀ ਮਨਾਈ ਜਾ ਸਕਦੀ ਹੈ। ਇਸ ਅਵਸਰ 'ਤੇ ਵਿਸ਼ੇਸ਼ ਕਰਕੇ ਰੌਸ਼ਨ ਦਿਮਾਗਾਂ ਨੂੰ ਦੀਵੇ ਜਗਾਉਣੇ ਚਾਹੀਦੇ ਹਨ। ਉਨ੍ਹਾਂ ਲਈ ਵੀ ਇਕ ਦੀਵਾ ਜਗਾਉਣਾ ਚਾਹੀਦਾ ਹੈ, ਜਿਨ੍ਹਾਂ ਕੋਲ ਨਾ ਤੇਲ ਹੈ, ਨਾ ਬੱਤੀ ਹੈ, ਨਾ ਦੀਵਾ ਹੈ। ਜਿਥੇ-ਜਿਥੇ ਹਨੇਰਾ ਹੈ, ਉਥੇ-ਉਥੇ ਰੌਸ਼ਨੀ ਪਹੁੰਚੇ। ਜਿਥੇ-ਜਿਥੇ ਝੂਠ ਹੈ, ਉਥੇ-ਉਥੇ ਸੱਚ ਪਹੁੰਚੇ! ਦੀਵੇ ਜਗਦੇ ਰਹਿਣ!

# ਰੁੱਕਿਆਂ ਤੋਂ ਵੱਟਸਐਪ ਸੁਨੇਹਿਆਂ ਤੱਕ

-ਅਮਰੀਕ ਸਿੰਘ ਦਿਆਲ-

ਅੱਜ ਕੱਲ੍ਹ ਮੁੱਖ ਦਫਤਰ ਤੋਂ ਜਾਰੀ ਹੁੰਦੇ ਪੱਤਰ 'ਤੇ ਹੋਏ ਦਸਤਖਤਾਂ ਦੀ ਹਾਲੇ ਸਿਆਹੀ ਨਹੀਂ ਸੁੱਕੀ ਹੁੰਦੀ ਕਿ ਉਹ ਸਕਿੰਟਾਂ ਵਿੱਚ ਲੰਬਾ ਸਫਰ ਤੈਅ ਕਰ ਲੈਂਦਾ ਹੈ। ਅੱਖ ਦੇ ਫੋਰ ਵਿੱਚ ਉਹ ਅਣਗਿਣਤ ਗਰੁੱਪਾਂ ਦਾ ਸ਼ਿੰਗਾਰ ਬਣ ਜਾਂਦਾ ਹੈ। ਕਦੇ ਸੰਚਾਰ ਦੇ ਸਾਧਨ ਇੰਨੇ ਤੇਜ਼ ਰਫਤਾਰ ਹੋ ਜਾਣਗੇ, ਸੋਚ ਤੋਂ ਪਰ੍ਹਾਂ ਦੀ ਗੱਲ ਹੁੰਦੀ ਸੀ।

1966 ਦੀ ਪਹਿਲੀ ਤਿਮਾਹੀ ਵਿੱਚ ਸਾਡੇ ਪਿੰਡ ਅਖਬਾਰ ਆਉਣੀ ਸ਼ੁਰੂ ਹੋਈ ਸੀ। ਅਖਬਾਰਾਂ ਵੰਡਣ ਵਾਲਾ ਅੱਛਰ ਸਿੰਘ ਬੜਾ ਹਿੰਮਤੀ ਅਤੇ ਸਿਰੜੀ ਬੰਦਾ ਸੀ। ਕਈ ਪਿੰਡਾਂ ਵਿੱਚੋਂ ਹੋ ਕੇ ਸਾਈਕਲ ਰਾਹੀਂ 75-80 ਕਿਲੋਮੀਟਰ ਦਾ ਪੈਂਡਾ ਮਾਰ ਦਿਨ ਚੜ੍ਹਦੇ ਤੱਕ ਉਹ ਅਖਬਾਰ ਘਰੋ-ਘਰੀ ਪੁੱਜਦੀ ਕਰ ਦਿੰਦਾ। ਉਨ੍ਹਾਂ ਦਿਨਾਂ ਵਿੱਚ ਇਕ ਅਖਬਾਰੀ ਖਬਰ ਪੜ੍ਹੀ ਸੀ ਕਿ ਭਵਿੱਖ ਵਿੱਚ ਅਜਿਹੇ ਫੋਨ ਆ ਜਾਣਗੇ ਜਿਨ੍ਹਾਂ ਰਾਹੀਂ ਪਤਾ ਲੱਗ ਜਾਇਆ ਕਰੂਗਾ ਕਿ ਬੰਦਾ ਐਸ ਵੇਲੇ ਕਿੱਥੇ ਹੈ। ਖਬਰ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਕੀ ਅਜਿਹੀ ਵੀ ਹੋ ਸਕਦਾ ਹੈ। ਨਤੀਜਾ ਸਾਡੇ ਸਾਹਮਣੇ ਹੈ। ਹੁਣ ਇਹ ਮੋਬਾਈਲ ਸਾਰਿਆਂ ਦੇ ਖੀਸੇ ਦਾ ਸ਼ਿੰਗਾਰ ਬਣਿਆ ਹੋਇਆ ਹੈ। ਇਥੋਂ ਤੱਕ ਕਿ ਇਸ ਨੇ ਸਾਰਿਆਂ ਨੂੰ ਜਕੜ ਲਿਆ ਲੱਗਦਾ ਹੈ। ਜੇ ਕਿਤੇ ਮੋਬਾਈਲ ਘਰ ਰਹਿ ਜਾਵੇ ਤਾਂ ਬੰਦਾ ਗੁਆਚਿਆ-ਗੁਆਚਿਆ ਮਹਿਸੂਸ ਕਰਦਾ ਹੈ।

ਸਾਡੇ ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਨ ਵੇਲੇ ਸਕੂਲਾਂ ਵਿੱਚ ਆਪਸੀ ਤਾਲਮੇਲ ਦਾ ਢੰਗ ਰੁੱਕੇ ਹੁੰਦੇ ਸਨ। ਕਾਗਜ਼ ਦੇ ਇਕ ਟੁਕੜੇ 'ਤੇ ਸੁਨੇਹਾ ਲਿਖ ਕੇ ਸਕੂਲ ਦੀ ਸਭ ਤੋਂ ਵੱਡੀ ਜਮਾਤ ਭਾਵ ਪੰਜਵੀਂ ਦੇ ਦੋ ਮੁੰਡੇ ਹੱਥ ਲਾਗਲੇ ਪਿੰਡ ਦੇ ਸਕੂਲ ਲਈ ਭੇਜੇ ਜਾਂਦੇ ਸਨ। ਕਈ ਮੁੰਡੇ ਪਹਿਲਾਂ ਹੀ ਇਸ ਤਾਕ ਵਿੱਚ ਹੁੰਦੇ ਸਨ ਕਿ ਉਨ੍ਹਾਂ ਨੂੰ ਕਦੋਂ ਰੁੱਕਾ ਦੇ ਕੇ ਭੇਜਿਆ ਜਾਵੇ। ਇਹ ਮੁੰਡੇ ਦੂਜੇ ਸਕੂਲ ਤੱਕ ਪਗਡੰਡੀ ਰਾਹੀਂ ਪੈਦਲ ਜਾਂ ਖੇਤੋ-ਖੇਤੀਂ ਬੜੇ ਚਾਈ-ਚਾਈਂ ਜਾਂਦੇ। ਇਕ ਵਾਰ ਸਕੂਲੋਂ ਇਸ ਕੰਮ ਲਈ ਰਵਾਨਾ ਹੋਏ ਤਾਂ ਛੁੱਟੀ ਹੋਣ ਤੱਕ ਹੀ ਸਕੂਲ ਵੜਦੇ। ਜਦੋਂ ਕਦੇ ਰਸਤੇ ਵਿੱਚ ਗੰਨੇ ਭੰਨ ਕੇ ਚੂਪਣ ਅਤੇ ਖੇਤਾਂ ਵਿੱਚੋਂ ਮੂਲੀਆਂ ਪੁੱਟ ਕੇ ਖਾਣ ਦੇ ਉਲਾਂਭੇ ਮਾਸਟਰ ਜੀ ਨੂੰ ਮਿਲਦੇ ਤਾਂ ਇਨ੍ਹਾਂ ਨੂੰ ਬਲੈਕ ਲਿਸਟ ਕਰਕੇ ਹੋਰਨਾਂ ਦੀ ਡਿਊਟੀ ਲੱਗ ਜਾਂਦੀ। ਜਿਸ ਸਕੂਲ ਵਿੱਚ ਇਹ ਰੁੱਕਾ ਪਹੁੰਚਦਾ, ਉਹ ਅੱਗੇ ਆਪਣੇ ਬੱਚਿਆਂ ਰਾਹੀਂ ਅਗਲੇ ਸਕੂਲ ਭੇਜ ਦਿੰਦੇ। ਇਸੇ ਤਰ੍ਹਾਂ ਅਗਾਂਹ ਲੜੀ ਬਣ ਜਾਂਦੀ। ਰੁੱਕਿਆਂ ਵਿੱਚ ਜੋ ਲਿਖਿਆ ਹੁੰਦਾ, ਬੱਚੇ ਉਹ ਰਸਤੇ ਵਿੱਚ ਹੀ ਪੜ੍ਹ ਲੈਂਦੇ।

ਸਾਡੇ ਇਕ ਅਧਿਆਪਕ ਨੇ ਇਕ ਵਾਰ ਨਵੀਂ ਤਰਕੀਬ ਸੋਚੀ ਕਿ ਬੱਚੇ ਰੁੱਕੇ ਵਿੱਚ ਲਿਖੇ ਸੁਨੇਹੇ ਨੂੰ ਨਾ ਪੜ੍ਹ ਸਕਣ। ਉਹ ਲਿਖਦੇ ਸਮੇਂ ਉਰਦੂ ਵਾਂਗ ਸੱਜੇ ਪਾਸਿਓਂ ਖੱਬੇ ਵੱਲ ਨੂੰ ਪੰਜਾਬੀ ਦੇ ਪੁੱਠੇ ਅੱਖਰ ਲਿਖਦੇ ਸਨ, ਜੋ ਸ਼ੀਸ਼ੇ ਵਿੱਚ ਦੇਖ ਕੇ ਪੜ੍ਹੇ ਜਾ ਸਕਦੇ ਸਨ। ਮਾਸਟਰ ਜੀ ਵੱਲੋਂ ਇਹ ਇਕ ਤਰ੍ਹਾਂ ਨਾਲ ਸੀਲਬੰਦ ਚਿੱਠੀ ਹੁੰਦੀ ਸੀ। ਮਾਸਟਰ ਜੀ ਦੀ ਪੁੱਠੇ ਅੱਖਰ ਲਿਖਣ ਦੀ ਮੁਹਾਰਤ ਇੰਨੀ ਹੋ ਗਈ ਕਿ ਉਹ ਬੜੀ ਤੇਜ਼ੀ ਨਾਲ ਇਹ ਕੰਮ ਕਰਦੇ ਸਨ। ਸਪੀਡ ਨਾਲ ਪੁੱਠੇ ਅੱਖਰ ਲਿਖਣੇ ਮੈਂ ਮਾਸਟਰ ਜੀ ਵੱਲ ਦੇਖ ਕੇ ਸਿੱਖੇ। ਬਾਰਾਂ ਕੁ ਸਾਲ ਪਹਿਲਾਂ ਸਕੂਲਾਂ ਵਿੱਚ ਕੰਪਿਊਟਰਾਂ ਦੀ ਪਹਿਲੀ ਖੇਪ ਪਹੁੰਚੀ। ਭਾਵੇਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਓਦੋਂ ਹੁਣ ਵਰਗਾ ਤੇਜ਼ ਨਹੀਂ ਸੀ, ਪਰ ਇਕ ਨਵੇਂ ਦੌਰ ਦਾ ਮੁੱਢ ਜ਼ਰੂਰ ਬੱਝਿਆ। ਵਕਤ ਨੇ ਅੰਗੜਾਈ ਲਈ। ਉਸ ਤੋਂ ਪਹਿਲਾਂ ਸਕੂਲਾਂ ਵਿੱਚ ਕਰਾਈਆਂ ਜਾਂਦੀਆਂ ਮਹੀਨਾਵਾਰ ਗਤੀਵਿਧੀਆਂ ਦੀ ਵੰਡ ਦਾ ਵਿੱਦਿਅਕ ਕੈਲੰਡਰ ਸਕੂਲਾਂ ਤੱਕ ਪਹੁੰਚਣਾ ਯਕੀਨੀ ਨਹੀਂ ਸੀ ਹੁੰਦਾ। ਮਹੀਨਾਵਾਰ ਮੀਟਿੰਗ ਵਿੱਚ ਜੇ ਕਿਤੇ ਮਿਲ ਗਿਆ ਤਾਂ ਮਿਲ ਗਿਆ, ਫਿਰ ਕਿੱਥੇ ਲੱਭਦਾ ਸੀ। ਇਹ ਕੈਲੰਡਰ ਹੁਣ ਵਰਗਾ ਰੰਗੀਨ ਅਤੇ ਵਧੀਆ ਨਹੀਂ, ਸਗੋਂ ਸਾਦੇ ਕਾਗਜ਼ 'ਤੇ ਮਸ਼ੀਨ ਨਾਲ ਟਾਈਪ ਕੀਤਾ ਹੁੰਦਾ ਸੀ। ਸਾਡਾ ਇਸ ਵਿੱਦਿਅਕ ਕੈਲੰਡਰ ਦਾ ਪਿੱਛਾ ਕਰਨ ਦਾ ਮਕਸਦ



ਨਵੰਬਰ ਵਿੱਚ ਵਿੱਦਿਅਕ ਟੂਰ ਲੈ ਕੇ ਜਾਣਾ ਹੁੰਦਾ ਸੀ। ਇਸੇ ਅਨੁਸਾਰ ਸਾਡਾ ਵਿੱਦਿਅਕ ਯਾਤਰਾ ਦਾ ਸਮੁੱਚਾ ਪ੍ਰੋਗਰਾਮ ਤੈਅ ਹੁੰਦਾ ਸੀ। ਇਕ ਸਾਲ ਇਹ ਕੈਲੰਡਰ ਸਾਡੇ ਹੱਥ ਲੱਗ ਗਿਆ, ਜਿਸ ਨੂੰ ਮੁੱਖ ਰੱਖ ਕੇ ਅਸੀਂ ਟੂਰ ਦੀ ਯੋਜਨਾ ਬਣਾ ਲਈ। ਦੂਜੇ ਸਾਲ ਅਸੀਂ ਇਸ ਕੈਲੰਡਰ ਨੂੰ ਲੱਭਦੇ ਜ਼ਿਲਾ ਦਫਤਰ ਤੋਂ ਮੁੱਖ ਦਫਤਰ ਪਹੁੰਚ ਗਏ। ਰਾਤ ਵੀ ਰਹਿਣਾ ਪਿਆ, ਪਰ ਵਿੱਦਿਅਕ ਕੈਲੰਡਰ ਨਾ ਮਿਲਿਆ। ਦੂਜੇ ਦਿਨ ਨਿਰਾਸ਼ ਖਾਲੀ ਹੱਥ ਪਰਤੇ। ਸਕੂਲਾਂ ਵਿੱਚ ਦੇਰ ਸ਼ਾਮ ਵੇਲੇ ਅਚਾਨਕ ਐਲਾਨੀਆਂ ਜਾਂਦੀਆਂ ਛੁੱਟੀਆਂ ਦਾ ਵੀ ਸਵੇਰੇ ਸਕੂਲ ਜਾ ਕੇ ਹੀ ਪਤਾ ਲੱਗਦਾ ਹੁੰਦਾ ਸੀ।

ਹੁਣ ਇੰਟਰਨੈਟ ਦੀ ਪਹੁੰਚ ਤੇ ਤੇਜ਼ੀ ਨਾਲ ਸਮੇਂ ਵਿੱਚ ਜ਼ਿਕਰ ਯੋਗ ਤਬਦੀਲੀ ਆਈ ਹੈ। ਵਟਸਐਪ ਗਰੁੱਪਾਂ ਰਾਹੀਂ ਜੇ ਕੋਈ ਪੁਰਾਣੀ ਤੋਂ ਪੁਰਾਣੀ ਚਿੱਠੀ ਦੀ ਮੰਗ ਕਰਦਾ ਹੈ ਤਾਂ ਸਕਿੰਟਾਂ ਵਿੱਚ ਹੀ ਪ੍ਰਾਪਤ ਹੋ ਜਾਂਦੀ ਹੈ। ਸੂਚਨਾਵਾਂ ਦਾ ਆਦਾਨ ਪ੍ਰਦਾਨ ਇੰਨਾ ਤੇਜ਼ ਅਤੇ ਸੁਖਾਲਾ ਹੋ ਜਾਵੇਗਾ, ਸ਼ਾਇਦ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਜੇ ਇਸ ਤਕਨਾਲੋਜੀ ਦੀ ਯੋਗ ਵਰਤੋਂ ਕੀਤੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸਾਡੇ ਅਸਲ ਕੰਮ 'ਤੇ ਇਸ ਸਹੂਲਤ ਦਾ ਮਾੜਾ ਪ੍ਰਭਾਵ ਨਹੀਂ ਪੈਣਾ ਚਾਹੀਦਾ। ਲੰਬੇ ਪੜਾਅ ਤੋਂ ਬਾਅਦ ਮਿਲੀ ਇਹ ਵੱਡੀ ਸਹੂਲਤ ਕਿਸੇ ਲਈ ਸਮੱਸਿਆ ਨਾ ਬਣੇ, ਇਸ ਗੱਲ 'ਤੇ ਗੌਰ ਕਰਨਾ ਸਾਡਾ ਫਰਜ਼ ਹੈ ਅਤੇ ਧਰਮ ਵੀ।





ਸਮੁੱਚੇ ਭਾਈਚਾਰੇ
ਨੂੰ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ

Trusted and Professional Advice
for Your Financial Goals

Sukhwinder Nahal
CFP, CLU | Financial Planner



Fair Advice Financial
www.fairadvicefinancial.com

TEL: 905-451-7900 Fax: 905-451-1308
7900 Hurontario St., Suite 308, Brampton, ON, L6Y 0P6






Auto - Home - Commercial - Business - Trucking - R.E.S.P - Disability

CONNEX Insurance Brokers Ltd.
Home • Auto • Life• Commercial • Trucking

Tej Bedi

7050 A, Bramalea Rd, Unit # 13 Mississauga , ON , Canada - L5S 1T1
Phone : 905 564 2222 Toll Free : Fax : 905 564 2264



ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ



ਪ੍ਰਾਪਰਟੀ ਖਰੀਦਣ ਜਾਂ ਵੇਚਣ
ਲਈ 31 ਸਾਲਾ ਤਜਰਬੇ ਵਾਲੇ

Tri-City Professional Realty Inc., Brokerage
Professional Realty Inc.
Brokerage,

- Free Evaluation of your Property
- Special Packages for First Time Buyer
- Arrangement of Low Mortgage rate Lawyer

Avtar Tiwana
Dir: 416 802 5866 Sales Rep.

Tel: 905.793.5777 Add: 31 Melanie Dr. Unit #4 Brampton, ON L6T 5H8

# ਦੀਵਾਲੀ ਦਾ ਰਿਵਾਇਤੀ ਤੇ ਅਜੋਕਾ ਰੂਪ

-ਸਵਰਨ ਸਿੰਘ ਭੰਗੂ

ਦੀਵਾਲੀ ਸਾਡੇ ਦੇਸ਼ ਦਾ ਵੱਡਾ ਤਿਉਹਾਰ ਹੈ, ਜਿਸ ਦੀਆਂ ਤਿਆਰੀਆਂ ਢੇਰ ਚਿਰ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਹਫਤਾ ਪਹਿਲਾਂ ਬਾਜ਼ਾਰ ਆਪਣੇ ਗਾਹਕਾਂ ਲਈ ਸਜ-ਧਜ ਜਾਂਦੇ ਹਨ। ਸ਼ਿੱਦਤ ਨਾਲ ਉਡੀਕਦੀਆਂ ਧਿਰਾਂ ਦੇ ਤੌਰ ਉੱਤੇ ਚਾਅ ਦੇ ਪੱਧਰ ’ਤੇ ਬਾਲ ਜਗਤ ਵਿੱਚ ਅਤੇ ਸੁਆਰਥ ਦੇ ਪੱਧਰ ’ਤੇ ਵਪਾਰੀ ਵਰਗ ਵਿੱਚ ਇਹ ਤਿਉਹਾਰ ਧੂਹ ਪਾਉਂਦਾ ਹੈ। ਆਪੋ-ਆਪਣੀ ਆਸਥਾ ਅਤੇ ਪਹੁੰਚ ਦੇ ਪੱਧਰ ’ਤੇ ਦੇਸ਼ ਦਾ ਵੱਡਾ ਜਨ-ਸਮੂਹ ਇਸ ਤਿਉਹਾਰ ’ਚ ਸ਼ਾਮਲ ਹੁੰਦਾ ਹੈ। ਹਿੰਦੂ, ਸਿੱਖ ਅਤੇ ਜੈਨ ਧਰਮ ਦੇ ਭਾਈਚਾਰੇ ਆਪੋ-ਆਪਣੀ ਧਾਰਮਿਕ ਆਸਥਾ ਅਨੁਸਾਰ ਇਸ ਤਿਉਹਾਰ ਨੂੰ ਸਦੀਆਂ ਤੋਂ ਮਨਾਉਂਦੇ ਆ ਰਹੇ ਹਨ। ਰਾਮਾਇਣ ਅਨੁਸਾਰ 14 ਵਰ੍ਹਿਆਂ ਦਾ ਬਨਵਾਸ ਕੱਟ ਕੇ ਇਸ ਦਿਨ ਸੀਤਾ ਮਾਤਾ ਸਮੇਤ ਭਗਵਾਨ ਸ਼੍ਰੀ ਰਾਮ ਚੰਦਰ ਅਤੇ ਲਛਮਣ ਜੀ ਅਯੁੱਧਿਆ ਪਰਤੇ ਸਨ। ਸਿੱਖ ਜਗਤ ਇਸ ਤਿਉਹਾਰ ਨੂੰ ਬੰਦੀ-ਛੋੜ ਦਿਵਸ ਦੇ ਤੌਰ ’ਤੇ ਮਨਾਉਂਦਾ ਹੈ। ਸਿੱਖ ਇਤਿਹਾਸ ਅਨੁਸਾਰ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਇਸ ਦਿਨ ਹਿੰਦੂ ਰਾਜਿਆਂ ਸਮੇਤ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ ਰਿਹਾਅ ਹੋਏ ਸਨ, ਜਦੋਂ ਕਿ ਜੈਨ ਧਰਮ ਦੇ ਲੋਕਾਂ ਦੀ ਆਸਥਾ ਇਸ ਧਰਮ ਦੇ ਗੁਰੂ ਮਹਾਂਵੀਰ ਸਵਾਮੀ ਦੇ ਨਿਰਵਾਣ ਦਿਵਸ ਨਾਲ ਜੁੜਦੀ ਹੈ।

ਦੀਪਾਂ ਦੇ ਤਿਉਹਾਰ ਦੇ ਤੌਰ ’ਤੇ ਜਾਣੇ ਜਾਂਦੇ ਇਸ ਤਿਉਹਾਰ ਨੂੰ ਹਨੇਰੇ ’ਤੇ ਪ੍ਰਕਾਸ਼ ਦੀ, ਅਗਿਆਨਤਾ ’ਤੇ ਗਿਆਨ ਦੀ, ਬੇ-ਉਮੀਦੀ ’ਤੇ ਉਮੀਦ ਦੀ ਅਤੇ ਬੁਰਾਈ ’ਤੇ ਚੰਗਿਆਈ ਦੀ ਜਿੱਤ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਆਸਥਾ ਇਹ ਵੀ ਹੈ ਕਿ ਇਸ ਦਿਨ ਧਨ ਦੀ ਦੇਵੀ ਲਕਸ਼ਮੀ ਬੜੀ ਦਿਆਲੂ ਹੁੰਦੀ ਹੈ, ਜਿਸ ਕਾਰਨ ਤੋਟਾਂ ਮਾਰੇ ਵੀ ਇਸ ਦੇਵੀ ਦੀ ਪੂਜਾ ਕਰਦੇ ਹਨ ਕਿ ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਦੇਵੀ ਦਿਆਲ ਹੋਵੇ, ਜਦੋਂ ਕਿ ਧਨ-ਕੁਬੇਰ ਆਪਣੇ ਧਨ ਵਿੱਚ ਹੋਰ ਵਾਧਾ ਕਰਨ ਲਈ ਇਸ ਦੇਵੀ ਦੀ ਅਡੰਬਰੀ ਪੂਜਾ ਕਰਦੇ ਹਨ। ਵੱਡੇ ਪੱਧਰ ’ਤੇ ਹੁਣ ਤੇਲ ਦੇ ਦੀਪਾਂ ਦੀ ਥਾਂ ਬਿਜਲਈ ਲੜੀਆਂ ਨੇ ਲੈ ਲਈ ਹੈ, ਪਰ ਇਸ ਤੋਂ ਪਹਿਲਾਂ ਲੋਕ ਆਪਣੀ ਖ਼ਿਆਲੀ ਦੇਵੀ ਨੂੰ ‘ਜੀ ਆਇਆਂ ਨੂੰ’ ਕਹਿਣ ਲਈ ਆਪੋ-ਆਪਣੇ ਘਰਾਂ ਦੇ ਦਰਵਾਜ਼ਿਆਂ ’ਤੇ ਵੱਡੇ ਬਰਤਨਾਂ ਵਿੱਚ ਤੇਲ-ਭਿੱਜੇ ਵੜੇਵਿਆਂ ਨੂੰ ਜਲਾ ਕੇ ਤੇਜ਼ ਰੋਸ਼ਨੀ ਕਰਿਆ ਕਰਦੇ ਸਨ, ਤਾਂ ਕਿ ਦਿਆਲੂ ਦੇਵੀ ਨੂੰ ਮੁੜਨ ਦਾ ਬਹਾਨਾ ਨਾ ਮਿਲ ਸਕੇ। ਉਹ ਇਸ ਦੇਵੀ ਦੀ ਆਮਦ ਲਈ ਸਾਰੀ ਰਾਤ ਘਰ ਦੇ ਦਰਵਾਜ਼ੇ ਅਤੇ ਖਿੜਕੀਆਂ ਵੀ ਖੁੱਲ੍ਹੀਆਂ ਰੱਖਦੇ ਸਨ।

ਇਸ ਤਿਉਹਾਰ ਨੂੰ ਮੁੱਖ ਰੱਖ ਕੇ ਲੋਕ ਆਪੋ-ਆਪਣੇ ਘਰੀਂ ਸਫ਼ਾਈ ਕਰਦੇ ਹਨ, ਰੰਗ-ਰੋਗਨ ਕਰਾਉਂਦੇ ਹਨ, ਨਵੇਂ ਕੱਪੜੇ ਪਹਿਨਦੇ ਹਨ, ਸ਼ੁੱਭ ਖ਼ਰੀਦ ਦੀ ਧਾਰਨਾ ਅਧੀਨ ਗਹਿਣੇ ਅਤੇ ਬਰਤਨ ਖ਼ਰੀਦਦੇ ਹਨ, ਮਠਿਆਈਆਂ, ਫਲ, ਖੁਸ਼ਕ ਮੇਵੇ ਖ਼ਰੀਦਦੇ ਹਨ, ਮਨ-ਭਾਉਂਦੀਆਂ ਵਸਤਾਂ ਖਾਂਦੇ ਹਨ, ਆਪਣੇ ਸਨੇਹੀਆਂ ਨੂੰ ਖ਼ਾਧ-ਖ਼ੁਰਾਕ ਦੀਆਂ ਵਸਤਾਂ ਤੋਂ ਬਿਨਾਂ ਅਨੇਕ ਕਿਸਮ ਦੀਆਂ ਵਸਤਾਂ ਦੇ ਤੋਹਫੇ ਦਿੰਦੇ ਹਨ, ਅਸੀਸਾਂ-ਮੁਬਾਰਕਾਂ ਦਾ ਲੈਣ-ਦੇਣ ਹੁੰਦਾ ਹੈ। ਬਹੁਤੇ ਲੋਕ ਆਪਣੇ ਵਿੱਛੜ ਚੁੱਕੇ ਪਿਆਰਿਆਂ ਦੀ ਯਾਦ ਵਿੱਚ ਸ਼ਮਸ਼ਾਨ-ਘਾਟਾਂ ਵਿੱਚ ਦੀਪ ਜਗਾਉਂਦੇ ਹਨ। ਵਿੱਦਿਆ ਸੰਸਥਾਵਾਂ ਵਿੱਚ ਕਲਾਸ ਰੂਮ ਸਜਾਉਣ ਦੇ, ਰੰਗੋਲੀਆਂ ਬਣਾਉਣ ਦੇ ਤੇ ਸੱਭਿਆਚਾਰਕ ਮੁਕਾਬਲੇ ਹੁੰਦੇ ਹਨ।

ਦੀਵਾਲੀ ਤੋਂ ਦੂਸਰੇ ਦਿਨ ਨੂੰ ‘ਟਿੱਕਾ ਭਾਈ ਦੂਜ’ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਇਸ ਦਿਨ ਦੂਰ ਰਹਿੰਦੇ ਬਹੁਤ ਸਾਰੇ ਭੈਣ-ਭਰਾ ਇਕੱਤਰ ਹੁੰਦੇ ਹਨ। ਭੈਣਾਂ ਆਪਣੇ ਭਰਾਵਾਂ ਦੇ



ਟਿੱਕਾ ਲਾਉਂਦੀਆਂ ਹਨ। ਭੈਣ-ਭਰਾਵਾਂ ਦੀ ਸਕੀਰੀ ਵਿੱਚ ਇਹ ਤਿਉਹਾਰ ਰੱਖੜੀ ਜਿਹਾ ਹੀ ਹੁੰਦਾ ਹੈ।

ਇਹ ਗੱਲ ਅਜੇ ਵੀ ਬੁਝਾਰਤ ਬਣੀ ਹੋਈ ਹੈ ਕਿ ਦੀਪਾਂ-ਰੋਸ਼ਨੀਆਂ ਦੇ ਇਸ ਤਿਉਹਾਰ ਨਾਲ ਆਤਿਸ਼ਬਾਜ਼ੀ ਆ ਕੇ ਕਦੋਂ ਜੁੜ ਗਈ? ਇਹ ਤਿਉਹਾਰ ਆਤਿਸ਼ਬਾਜ਼ੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਆਤਿਸ਼ਬਾਜ਼ੀ ਦੀ ਇਸ ਬਹੁ-ਕਰੋੜੀ ਪ੍ਰਣਾਲੀ ਵਿੱਚ ਕੁੱਲ ਖ਼ਪਤ ਦਾ 70 ਫ਼ੀਸਦੀ ਪੈਦਾ ਕਰਨ ਵਾਲਾ ਤਾਮਿਲ ਨਾਡੂ ਦਾ ਸ਼ਹਿਰ ਸ਼ਿਵਾਕਾਸ਼ੀ ਹੈ। ਹੋਰ ਸ਼ਹਿਰਾਂ ਵਦੋਦਰਾ, ਦਿੱਲੀ, ਰਾਜਕੋਟ, ਚੇਨੱਈ, ਆਦਿ ਵਿੱਚ ਵੀ ਆਤਿਸ਼ਬਾਜ਼ੀ ਬਣਦੀ ਹੈ। ਇਸ ਤੋਂ ਅੱਗੇ ਸਨਅਤਾਂ ਤੋਂ ਨਿਆਣਿਆਂ ਦੇ ਹੱਥਾਂ ਤੱਕ ਪਹੁੰਚਣ ਦੀ ਵੰਡ-ਵੰਡਾਈ ਸ਼ਾਮਲ ਹੈ। ਇਸ ਧੰਦੇ ਵਿੱਚ ਵੱਡੇ ਭਾਰਤੀ ਘਰਾਣੇ ਸ਼ਾਮਲ ਹਨ। ਇਸ ਸਨਅਤ ਵਿੱਚ ਘੱਟ ਲਾਗਤ ਕਰ ਕੇ ਵਧੇਰੇ ਮੁਨਾਫਾ ਕਮਾਉਣ ਲਈ ਬੱਚਿਆਂ ਅਤੇ ਔਰਤਾਂ ਤੋਂ ਕੰਮ ਲਿਆ ਜਾਂਦਾ ਹੈ। ਇਸ ਮਜ਼ਦੂਰ ਸਮੂਹ ਦਾ ਆਤਿਸ਼ਬਾਜ਼ੀ ਬਣਾਉਣ ਸਮੇਂ ਖ਼ਤਰਨਾਕ ਰਸਾਇਣਾਂ ਨਾਲ ਵਾਹ ਪੈਂਦਾ ਹੈ, ਜਿਸ ਕਾਰਨ ਉਹ ਸਾਹ ਪ੍ਰਣਾਲੀ ਅਤੇ ਚਮੜੀ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਹੁੰਦੇ ਰਹਿੰਦੇ ਹਾਦਸਿਆਂ ਵਿੱਚ ਕਿੰਨੇ ਹੀ ਅਜਿਹੇ ਮਜ਼ਦੂਰ ਆਪਣੇ ਹੱਥ, ਲੱਤਾਂ, ਅੱਖਾਂ ਜਿਹੇ ਅੰਗ ਗੁਆ ਬੈਠਦੇ ਹਨ।

ਭਾਵੇਂ 2005 ਵਿੱਚ ਸਾਡੇ ਦੇਸ਼ ਦੀ ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਦੀਵਾਲੀ ਵਾਲੀ ਰਾਤ 10 ਵਜੇ ਤੋਂ ਬਾਅਦ ਆਤਿਸ਼ਬਾਜ਼ੀ ਚਲਾਉਣ ’ਤੇ ਪਾਬੰਦੀ ਲਾਗੂ ਕੀਤੀ ਸੀ, ਪਰ ਇਸ ਬਾਰੇ ਕਦੇ ਵੀ ਕਿਸੇ ਨੇ ਕਨੂੰਨ ਦੀ ਪ੍ਰਵਾਹ ਨਹੀਂ ਕੀਤੀ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਵਾਰ ਦੀ ਦੀਵਾਲੀ ’ਤੇ ਸ਼ਾਮ 6 ਵਜੇ ਤੋਂ ਰਾਤ ਦੇ 9 ਵਜੇ ਤੱਕ ਸਿਰਫ਼ ਹਲਕੀ ਆਤਿਸ਼ ਚਲਾਉਣ ਦੀ ਖੁੱਲ੍ਹ ਦਿੱਤੀ ਹੈ। ਵਾਤਾਵਰਣ ਨਾਲ ਸੰਬੰਧਤ ਵਿਭਾਗਾਂ ਨੇ ਨੋਟ ਕੀਤਾ ਕਿ ਦਿੱਲੀ, ਬੰਬਈ, ਕਲਕੱਤਾ, ਚੇਨੱਈ, ਬੰਗਲੌਰ, ਹੈਦਰਾਬਾਦ ਜਿਹੇ ਦਰਜਨਾਂ ਮਹਾਂਨਗਰਾਂ ਤੋਂ ਲੈ ਕੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਾਰੀ-ਸਾਰੀ ਰਾਤ ਆਤਿਸ਼ਬਾਜ਼ੀ ਚੱਲਦੀ ਰਹਿੰਦੀ ਹੈ। ਇਹ ਵੀ ਨੋਟ ਕੀਤਾ ਗਿਆ ਕਿ ਦੀਵਾਲੀ ਵਾਲੀ ਰਾਤ ਵਾਤਾਵਰਣ ਵਿੱਚ ਸਿਫਤੀ ਨਿਘਾਰ ਆਉਂਦਾ ਹੈ, ਤਾਪ ਵਧਦਾ ਹੈ, ਹਵਾ ਦੀ ਕੁਦਰਤੀ ਗਤੀ ਘਟਦੀ ਹੈ, ਦੁਰਗੰਧ ਫੈਲਦੀ ਹੈ ਅਤੇ ਹੁੰਮਸ ਵਧਦਾ ਹੈ। ਹਵਾ ਵਿੱਚ ਜਨ-ਜੀਵਨ ਅਤੇ ਬਨਸਪਤੀ ਲਈ ਘਾਤਕ ਨਾਈਟ੍ਰੇਟ, ਮੈਗਨੀਸ਼ੀਅਮ, ਨਾਈਟ੍ਰੋਜਨ-ਡਾਈਆਕਸਾਈਡ ਜਿਹੇ ਤੱਤ ਅਤੇ ਗੈਸਾਂ ਸਾਹ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਧੁਨੀ ਪ੍ਰਦੂਸ਼ਣ ਬਹੁਤ ਸਾਰੇ ਲੋਕਾਂ ਦੇ ਕੰਨਾਂ ਦੇ ਪਰਦੇ ਪਾੜ ਦਿੰਦਾ ਹੈ। ਹਸਪਤਾਲਾਂ ਅਤੇ ਘਰਾਂ ਵਿੱਚ ਪਏ ਮਰੀਜ਼ਾਂ ਤੋਂ ਇਲਾਵਾ ਪਸ਼ੂ ਧਨ ਪ੍ਰਭਾਵਤ ਹੁੰਦਾ ਹੈ। ਇਸ ਰਾਤ ਚਲਾਈ ਜਾਂਦੀ ਆਤਿਸ਼ਬਾਜ਼ੀ ਦੌਰਾਨ ਹਜ਼ਾਰਾਂ ਹਾਦਸੇ ਵਾਪਰਦੇ ਹਨ, ਖ਼ਾਸ ਤੌਰ ’ਤੇ ਕਈ ਬੱਚਿਆਂ ਨੂੰ ਸਰੀਰਕ ਹਾਨੀ ਪਹੁੰਚਦੀ ਹੈ। ਉਹ ਉਮਰ ਭਰ ਲਈ ਅਪੰਗ ਹੋ ਜਾਂਦੇ ਹਨ। ਦੀਵਾਲੀ ਵਾਲੀ ਰਾਤ ਮਠਿਆਈ ਤੇ ਆਤਿਸ਼ਬਾਜ਼ੀ ਦੇ ਖ਼ਾਲੀ ਡੱਬਿਆਂ ਤੋਂ ਇਲਾਵਾ ਚਲਾਈ ਗਈ ਆਤਿਸ਼ਬਾਜ਼ੀ ਤੋਂ ਹਜ਼ਾਰਾਂ ਟਨ ਕੂੜਾ-ਕਰਕਟ ਪੈਦਾ ਹੁੰਦਾ ਹੈ, ਜਿਸ ਵਿੱਚ ਪੋਟਾਸ਼ੀਅਮ, ਸਲਫਰ, ਫਾਸਫੋਰਸ, ਕਲੋਰੇਟ ਜਿਹੇ ਬਦਬੂਦਾਰ ਅਤੇ ਜਲਣਸ਼ੀਲ ਤੱਤ ਹੁੰਦੇ ਹਨ।

ਵੱਡੇ ਪੱਧਰ ’ਤੇ ਲੋਕ ਇਸ ਤਿਉਹਾਰ ਨੂੰ ਖਾਣ-ਪੀਣ ਦੇ ਬਹਾਨੇ ਵਜੋਂ ਲੈਂਦੇ ਹਨ। ਇਸ ਦਿਨ ਦਾਰੂ ਦੇ ਠੇਕਿਆਂ ਅੱਗੇ ਭੀੜਾਂ ਜੁੜਦੀਆਂ ਹਨ। ਦਾਰੂ ਆਮ ਨਾਲੋਂ ਕਈ ਗੁਣਾਂ ਵੱਧ ਵਿਕਦੀ ਹੈ। ਨਸ਼ਿਆਂ ਕਾਰਨ ਧਿਰਾਂ ’ਚ ਲੜਾਈਆਂ ਹੁੰਦੀਆਂ ਹਨ, ਝਗੜੇ ਥਾਣਿਆਂ-ਅਦਾਲਤਾਂ ਤੱਕ ਪੁੱਜਦੇ ਹਨ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਮਠਿਆਈਆਂ ਨਾਲ ਜੁੜੇ ਇਸ ਤਿਉਹਾਰ ਲਈ ਕਾਫ਼ੀ ਚਿਰ ਪਹਿਲਾਂ ਤੋਂ ਹੀ ਮਾਰਕੀਟ ਵਿੱਚ ਬਨਾਵਟੀ ਮਠਿਆਈ ਬਣਨੀ ਸ਼ੁਰੂ ਹੋ ਜਾਂਦੀ ਹੈ। ਵੱਡੇ ਪੱਧਰ ’ਤੇ ਚੱਲਦੇ ਇਸ ਧੰਦੇ ਵਿੱਚ ਵੱਖ-ਵੱਖ ਵਿਭਾਗਾਂ ਦੇ ਭ੍ਰਿਸ਼ਟ ਅਧਿਕਾਰੀਆਂ ਦੀ ਮਿਲੀ-ਭੁਗਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਦੇ ਬਾਵਜੂਦ ਦੀਵਾਲੀ ਦੇ ਦਿਨਾਂ ਵਿੱਚ ਮਿਲਾਵਟੀ ਮਠਿਆਈਆਂ ਦੀ ਫੜੋ-ਫੜਾਈ ਅਕਸਰ ਖ਼ਬਰਾਂ ਬਣਦੀ ਰਹਿੰਦੀ ਹੈ। ਦੀਵਾਲੀ ਦੇ ਮਾੜੇ ਪੱਖ ਦੇ ਰੂਪ ਵਿੱਚ ਇਸ ਤਿਉਹਾਰ ਦੌਰਾਨ ਖ਼ੁਸ਼ਾਮਦ ਵੀ ਸਿਖ਼ਰਾਂ ਛੂੰਹਦੀ ਹੈ। ਗਰਜ਼ਾਂ ਅਤੇ ਸਵਾਰਥ ਦੇ ਮਾਰੇ ਵੱਖ-ਵੱਖ ਵਰਗਾਂ ਦੇ ਲੋਕ ਆਪਣੇ ਆਕਾਵਾਂ ਨੂੰ ਮਹਿੰਗ ਮੁੱਲੇ ਦੇ ਤੋਹਫੇ ਭੇਟ ਕਰਨ ਦੇ ਬਹਾਨੇ ਵਜੋਂ ਵੀ ਲੈਂਦੇ ਹਨ।

ਕੁੱਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਹੁਣ ਇਹ ਤਿਉਹਾਰ ਭਾਈਚਾਰੇ, ਖ਼ੁਸ਼ਹਾਲੀ ਅਤੇ ਸਦਭਾਵਨਾ ਦੇ ਨਾਂਅ ’ਤੇ ਜਗਾਏ ਜਾਣ ਵਾਲੇ ਦੀਪਾਂ ਦਾ ਤਿਉਹਾਰ ਨਾ ਰਹਿ ਕੇ ਸ਼ੋਰ-ਸ਼ਰਾਬੇ ਦਾ, ਵੰਨ-ਸੁਵੰਨੇ ਪਕਵਾਨ ਖਾਣ ਦਾ ਅਤੇ ਖ਼ੁਸ਼ਾਮਦਾਂ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ।

ਦੀਵਾਲੀ ਦੀ ਰਾਤ ਆਤਿਸ਼ਬਾਜ਼ੀ ਕਾਰਨ ਵਧਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਆਵਾਜ਼ਾਂ ਉੱਠਣ ਲੱਗੀਆਂ ਹਨ। ਸੁਚੇਤ ਲੋਕ ਆਪਣੇ ਪੱਧਰ ’ਤੇ ਹਾਸਲ ਹਾਲਤਾਂ ਵਿੱਚ ਆਤਿਸ਼ਬਾਜ਼ੀ ਨਾ ਚਲਾਉਣ ਦਾ ਸੁਨੇਹਾ ਪ੍ਰਚਾਰਦੇ ਹਨ, ਪਰ ਇਹ ਆਵਾਜ਼ਾਂ ਅਤੇ ਇਨ੍ਹਾਂ ’ਤੇ ਅਮਲ ਕਰਨ ਵਾਲੇ ਬਹੁਤ ਘੱਟ ਹਨ, ਜਦੋਂ ਕਿ ਸਰਕਾਰੀ ਛਤਰ-ਛਾਇਆ ਹੇਠ ਆਤਿਸ਼ਬਾਜ਼ੀ ਤਿਆਰ ਕਰਨ ਵਾਲੀ ਸਨਅਤ ਸਾਲ ਭਰ ਸਰਗਰਮ ਰਹਿੰਦੀ ਹੈ। ਬਹੁਤ ਜ਼ਰੂਰੀ ਹੈ ਕਿ ਵਾਤਾਵਰਣ, ਜਨ-ਜੀਵਨ ਅਤੇ ਜੀਵਨਦਾਤੀ ਓਜ਼ੋਨ ਪਰਤ ਨੂੰ ਬਚਾਉਣ ਲਈ ਆਤਿਸ਼ਬਾਜ਼ੀ ਨੂੰ ਬਣਨ ਤੋਂ ਹੀ ਰੋਕਿਆ ਜਾਵੇ। ਆਤਿਸ਼ਬਾਜ਼ੀ ’ਤੇ ਮੁਕੰਮਲ ਰੋਕ ਲਈ ਰਾਜਸੀ ਇੱਛਾ ਸ਼ਕਤੀ ਬੇਹੱਦ ਜ਼ਰੂਰੀ ਹੈ, ਤਾਂ ਕਿ ਦੀਵਾਲੀ ਵਾਲੀ ਰਾਤ ਸਾੜ ਕੇ ਸੁਆਹ ਕੀਤਾ ਜਾਂਦਾ ਕੌਮੀ ਧਨ ਨਿਰਮਾਣ ਕਾਰਜਾਂ ਵਿੱਚ ਲਾਇਆ ਜਾ ਸਕੇ।




ਦਿਵਾਲੀ ਦੀ
ਲੱਖ ਲੱਖ ਵਧਾਈ
MacroGlobal
Immigration Services Ltd.
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com
Seema Bhayana
MEMBER iccrc


AMAN TRAVEL
ਵੱਲੋਂ ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
ਅਮਨ
ਟਰੈਵਲ
SPECIAL DISCOUNTED FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ
ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਇੰਜ ਹੋਇਆ ਦੀਵਾਲੀ ਵਾਲੀ ਰਾਤ

-ਰਾਜਿੰਦਰ ਕੌਰ-

ਸ਼ਹਿਰਾਂ ਜਾਂ ਪਿੰਡਾਂ ਵਿਚ ਬਿਜਲੀ ਦੇ ਕੱਟ ਆਮ ਹੀ ਲਗਦੇ ਰਹਿੰਦੇ ਹਨ, ਪਰ ਬੇਵਕਤੀ ਅਤੇ ਹੱਦੋਂ ਵੱਧ ਲੰਮੇ ਕੱਟ ਕਾਫ਼ੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ। ਕੁਝ ਦਿਨ ਪਹਿਲਾਂ ਅਸੀ ਵੀ ਇਸ ਸੰਕਟ ਵਿਚੋਂ ਲੰਘੇ ਹਾਂ। ਅੱਧੀ ਰਾਤ ਨੂੰ ਜਦੋਂ ਗਰਮੀ ਲੱਗੀ ਤਾਂ ਮੈਂ ਅਪਣੇ ਆਪ ਨੂੰ ਪਸੀਨੇ ਨਾਲ ਗੜੁੱਚ ਪਾਇਆ। ਅੱਧ-ਮੀਟੀਆਂ ਅੱਖਾਂ ਨਾਲ ਏ ਸੀ ਵੱਲ ਵੇਖਿਆ, ਜੋ ਬੰਦ ਸੀ। ਫਿਰ ਟਾਰਚ ਦੀ ਰੌਸ਼ਨੀ ਛੱਤ ਉਤੇ ਲੱਗੇ ਪੱਖੇ ਵੱਲ ਮਾਰੀ ਤੇ ਵੇਖਿਆ ਕਿ ਉਹ ਅਡੋਲ ਖਲੋਤਾ ਸੀ, ਕੋਈ ਹਿਲਜੁਲ ਨਹੀਂ ਸੀ। ਫਿਰ ਮੈਂ ਅਪਣੇ ਪਤੀ ਨੂੰ ਆਵਾਜ਼ ਮਾਰ ਕੇ ਕਿਹਾ, 'ਅੱਧੀ ਰਾਤ ਨੂੰ ਬਿਜਲੀ ਬੰਦ ਹੋ ਗਈ ਹੈ ਅਤੇ ਗਰਮੀ ਤੇ ਹੁੰਮਸ ਨਾਲ ਬੁਰਾ ਹਾਲ ਹੋਇਆ ਪਿਆ ਹੈ।'

ਮੇਰੇ ਪਤੀ, ਜੋ ਆਪ ਵੀ ਗਰਮੀ ਨਾਲ ਬੇਹਾਲ ਹੋਏ ਪਏ ਸਨ, ਬੋਲੇ, 'ਹਾਂ, ਬਿਜਲੀ ਕਈ ਘੰਟਿਆਂ ਤੋਂ ਬੰਦ ਹੈ। ਲੱਗਦਾ ਹੈ ਕਿ ਇਨਵਰਟਰ ਨੂੰ ਵੀ ਗਰਮੀ ਨੇ ਮਾਰ ਦਿਤਾ ਹੈ। ਉਹ ਵੀ ਬੰਦ ਪਿਆ ਹੈ।' ਉਨ੍ਹਾਂ ਕਿਹਾ, 'ਲੈ ਫੜ ਇਹ ਅਖ਼ਬਾਰ, ਪੱਖੀ ਸਮਝ ਕੇ ਝੱਲੀ ਜਾਹ, ਜਿੰਨੀ ਦੇਰ ਬਿਜਲੀ ਨਹੀਂ ਆ ਜਾਂਦੀ।'

ਉਸ ਵੇਲੇ ਮਨ ਵਿਚ ਇਹ ਖ਼ਿਆਲ ਆਇਆ ਕਿ ਕਿੰਨਾ ਚੰਗਾ ਹੁੰਦਾ ਸੀ ਉਹ ਸਮਾਂ, ਜਦੋਂ ਅਸੀ ਸਾਰੇ ਵਿਹੜੇ ਵਿੱਚ ਮੰਜੀਆਂ ਡਾਹ ਕੇ ਸੌਂਦੇ ਹੁੰਦੇ ਸੀ। ਬਿਜਲੀ ਦੇ ਆਉਣ-ਜਾਣ ਦੀ ਚਿੰਤਾ ਨਹੀਂ ਸੀ ਹੁੰਦੀ। ਕੁਦਰਤੀ ਹਵਾ ਵਿੱਚ ਆਰਾਮ ਨਾਲ ਲੇਟਣਾ ਤੇ ਨੀਂਦ ਕਦੋਂ ਆ ਜਾਣੀ, ਪਤਾ ਨਹੀਂ ਸੀ ਲਗਦਾ। ਸਵੇਰੇ ਜਾਗ ਖੁੱਲ੍ਹਦੀ ਸੀ। ਹੁਣ ਜੀਵਨ-ਸ਼ੈਲੀ ਬਦਲ ਗਈ ਹੈ। ਆਦਤਾਂ ਬਦਲ ਗਈਆਂ ਹਨ। ਬਾਹਰ ਸੌਣ ਦਾ ਰਿਵਾਜ ਨਹੀਂ ਰਿਹਾ। ਅਸੀ ਬਿਜਲਈ ਯੰਤਰਾਂ ਉਤੇ ਨਿਰਭਰ ਹੋ ਗਏ ਹਾਂ। ਗਰਮੀਆਂ ਵਿੱਚ ਵੀ ਰਾਤ ਦਿਨ ਕਮਰਿਆਂ ਵਿੱਚ ਵੜੇ ਰਹਿੰਦੇ ਹਾਂ।

ਇੱਕ ਦੀਵਾਲੀ ਦੇ ਮੌਕੇ ਬਿਜਲੀ ਬੰਦ ਹੋਣ ਦੀ ਇਕ ਘਟਨਾ ਮੈਨੂੰ ਵਾਰ-ਵਾਰ ਯਾਦ ਆ ਰਹੀ ਹੈ। ਇਹ ਕਿਸੇ ਲਈ ਆਮ ਜਾਂ ਸਾਧਾਰਨ ਹੋ ਸਕਦੀ ਹੈ, ਪਰ ਮੈਨੂੰ ਅਪਣੇ ਲਈ ਖ਼ਾਸ ਜਾਪਦੀ ਸੀ। ਗੱਲ ਕੋਈ ਤਿੰਨ ਕੁ ਸਾਲ ਪਹਿਲਾਂ ਦੀ ਹੋਵੇਗੀ। ਉਦੋਂ ਗਰਮੀਆਂ ਅੰਤਮ ਪੜਾਅ ਉਤੇ ਸਨ ਅਤੇ ਸਰਦੀਆਂ ਦੀ ਸ਼ੁਰੂਆਤ ਸੀ, ਅਰਥਾਤ ਮੌਸਮ ਸੁਹ-ਾਵਣਾ ਸੀ, ਫਿਰ ਵੀ ਦਿਨ ਵਿੱਚ ਪੱਖੇ ਚੱਲਦੇ ਸਨ। ਤਿਉਹਾਰਾਂ ਦਾ ਮੌਸਮ ਅਰੰਭ ਹੋ ਚੁੱਕਾ ਸੀ। ਉਸ ਸਾਲ ਦੀਵਾਲੀ ਮੌਕੇ ਸਾਡੀ ਬੇਟੀ (ਸੋਨੂ) ਤੇ ਦਾਮਾਦ (ਪੁਨੀਸ਼) ਦੋ ਸਾਲਾਂ ਪਿਛੋਂ ਭਾਰਤ ਅਪਣੇ-ਅਪਣੇ ਮਾਂ-ਪਿਉ ਨੂੰ ਮਿਲਣ ਆ ਰਹੇ ਸਨ। ਅਸੀ ਬੱਚਿਆਂ ਦੀ ਆਮਦ ਤੋਂ ਪਹਿਲਾਂ ਹੀ ਘਰ ਨੂੰ ਸਫ਼ੈਦੀਆਂ ਅਤੇ ਰੰਗ-ਰੋਗਨ ਕਰਵਾ ਲਿਆ। ਸਫ਼ੈਦੀਆਂ ਸਮੇਂ ਘਰ ਦੇ ਸਾਮਾਨ ਨੂੰ ਨਿਯਮਤ ਥਾਂ ਤੋਂ ਚੁੱਕਣਾ, ਬਾਹਰ ਕਢਣਾ ਤੇ ਫਿਰ ਸਫ਼ਾਈ ਪਿੱਛੋਂ ਉਨ੍ਹਾਂ ਥਾਵਾਂ ਉਤੇ ਸਥਾਪਤ ਕਰਨਾ ਕਾਫ਼ੀ ਔਖਾ ਕੰਮ ਸੀ, ਪਰ ਅਜਿਹਾ ਕਰਨ ਦਾ ਇਕ ਫ਼ਾਇਦਾ ਇਹ ਹੁੰਦਾ ਹੈ ਕਿ ਹਰ ਕਮਰੇ ਦੀਆਂ ਨੁਕਰਾਂ ਤਕ ਪਏ ਸਾਮਾਨ ਦਾ ਤੁਹਾਨੂੰ ਗਿਆਨ ਹੋ ਜਾਂਦਾ ਹੈ।

ਦੀਵਾਲੀ ਤੋਂ ਇਕ ਹਫ਼ਤਾ ਪਹਿਲਾਂ ਬੱਚੇ ਸਾਡੇ ਕੋਲ ਪਹੁੰਚੇ, ਚਾਰ-ਪੰਜ ਦਿਨ ਰਹੇ ਤੇ ਫਿਰ ਦਿਵਾਲੀ ਮਨਾਉਣ ਲਈ ਪੁਨੀਸ਼ ਦੇ ਪ੍ਰਵਾਰ ਕੋਲ ਹਿਮਾਚਲ ਚਲੇ ਗਏ। ਉਨ੍ਹਾਂ ਨੇ ਅੱਠ-ਦਸ ਦਿਨ ਹਿਮ-ਾਚਲ ਗੁਜ਼ਾਰਨੇ ਸਨ ਅਤੇ ਵਾਪਸੀ ਮੌਕੇ ਪੰਜ-ਛੇ ਦਿਨ ਸਾਡੇ ਕੋਲ ਰਹਿ ਕੇ ਅਮਰੀਕਾ ਪਰਤ ਜਾਣਾ ਸੀ। ਦੀਵਾਲੀ ਦੀ ਰਾਤ ਨੂੰ ਅਸੀਂ ਘਰ ਦੀ ਬਾਹਰਲੀ ਕੰਧ ਦੀ ਮੁੰਡੇਰ ਉਤੇ ਮੋਮਬੱਤੀਆਂ ਜਗਾਈਆਂ। ਬਸ ਇਕ ਰੰਗੀਨ ਬਲਬਾਂ ਦੀ ਲੜੀ ਰੌਸ਼ਨੀ ਲਈ ਜਗਾਉਣੀ ਬਾਕੀ ਸੀ। ਇਹ ਲੜੀ ਘਰ ਦੀ ਸਫ਼ਾਈ ਵੇਲੇ ਸਾਨੂੰ ਇਕ ਡੱਬੇ ਵਿਚੋਂ ਮਿਲੀ ਸੀ, ਜੋ ਬੇਟਾ (ਵਿਕਰਮ) ਗੁਜਰਾਤ ਤੋਂ ਵਾਪਸੀ ਲਈ ਆਸਟਰੇਲੀਆ ਜਾਂਦਾ ਹੋਇਆ ਬਾਕੀ ਸਾਮਾਨ ਨਾਲ ਸਾਡੇ ਕੋਲ ਛੱਡ ਗਿਆ ਸੀ। ਅਸੀ ਇਹ ਬਲਬਾਂ ਦੀ ਲੜੀ ਘਰ ਦੇ ਮੱਥੇ ਉਤੇ ਟੰਗ ਦਿਤੀ। ਕਮਰੇ ਅੰਦਰ ਜਾ ਕੇ ਜਦੋਂ ਸਵਿੱਚ ਆਨ ਕੀਤਾ ਤਾਂ ਰੰਗ-ਬਰੰਗੇ ਬਲਬਾਂ ਦੀ ਚਮਕ ਦੀ ਬਜਾਏ ਘਰ ਘੁੱਪ ਹਨੇਰੇ ਵਿਚ ਡੁੱਬ ਗਿਆ। ਅਚਾਨਕ ਹੋਏ ਹਨੇਰੇ ਨਾਲ ਅਸੀ ਹੈਰਾਨ ਹੋ ਗਏ। ਲਗਦਾ ਸੀ ਕਿ ਮੀਟਰ ਅੰਦਰੋਂ ਫ਼ਿਊਜ਼ ਉਡ ਗਿਆ ਹੋਵੇ। ਇਨਵਰਟਰ ਵੀ ਬੰਦ ਹੋ ਗਿਆ। ਹੋਰ ਕਮਰਿਆਂ ਦੇ ਸਵਿੱਚ ਆਨ-ਆਫ਼ ਕਰ ਕੇ ਵੇਖੇ, ਪਰ ਕੁਝ ਸਮਝ ਨਹੀਂ ਆਇਆ।



ਅਸੀ ਪਹਿਲਾਂ ਤਾਂ ਇਨਵਰਟਰ ਵਾਲੀ ਦੁਕਾਨ ਵਿੱਚ ਫ਼ੋਨ ਕੀਤਾ ਅਤੇ ਦੱਸਿਆ ਕਿ ਘਰ ਦੀ ਬਿਜਲੀ ਬੰਦ ਹੋ ਗਈ ਹੈ ਤੇ ਇਨਵਰਟਰ ਵੀ ਕੰਮ ਨਹੀਂ ਕਰ ਰਿਹਾ। ਉਹ ਬੋਲਿਆ, 'ਹੁਣ ਤਾਂ ਮੈਂ ਦੁਕਾਨ ਬੰਦ ਕਰ ਕੇ ਅਪਣੇ ਘਰ ਆ ਗਿਆ ਹਾਂ। ਹੁਣ ਮੇਰੇ ਲਈ ਮੁਸ਼ਕਲ ਹੈ।'

ਫਿਰ ਬਿਜਲੀ ਮਹਿਕਮੇ ਦੇ ਕਰਮਚਾਰੀ ਨੂੰ ਫ਼ੋਨ ਕਰ ਕੇ ਸਾਰਾ ਕੁਝ ਦਸਿਆ ਅਤੇ ਨਾਲ ਤਰਲਾ ਕੀਤਾ ਕਿ ਜੇ ਬਿਜਲੀ ਠੀਕ ਨਾ ਹੋਈ ਤਾਂ ਸਾਰੀ ਰਾਤ ਹਨੇਰੇ ਵਿੱਚ ਬੈਠਣਾ ਪਵੇਗਾ। ਥੋੜ੍ਹੀ ਦੇਰ ਪਿੱਛੋਂ ਉਹ ਕਰਮਚਾਰੀ ਆ ਗਿਆ। ਉਸ ਨੇ ਬਿਜਲੀ ਦੇ ਖੰਭੇ ਤੋਂ ਲੈ ਕੇ ਮੀਟਰ ਤਕ ਲਾਈਨ ਦੀ ਜਾਂਚ ਕੀਤੀ ਅਤੇ ਬੋਲਿਆ, 'ਬਿਜਲੀ ਦਾ ਨੁਕਸ ਤੁਹਾਡੇ ਘਰ ਦੀਆਂ ਅੰਦਰਲੀਆਂ ਤਾਰਾਂ ਵਿੱਚ ਹੈ, ਕਿਸੇ ਨਿੱਜੀ ਬਿਜਲੀ ਵਾਲੇ ਨੂੰ ਸੱਦ ਕੇ ਠੀਕ ਕਰਵਾ ਲਵੋ।' ਇਹ ਕਹਿ ਕੇ ਉਹ ਚਲਾ ਗਿਆ।

ਮੋਮਬੱਤੀਆਂ ਅਤੇ ਲਾਈਟਾਂ ਜਗਾ ਰਹੇ ਗੁਆਂਢੀਆਂ ਨਾਲ ਵੀ ਗੱਲ ਹੋਈ, ਪਰ ਮਸਲਾ 'ਜਿਉਂ ਦਾ ਤਿਉਂ' ਹੀ ਬਣਿਆ ਰਿਹਾ। ਅਸੀਂ ਫੇਰ ਅਪਣੇ ਇਲੈਕਟ੍ਰੀਸ਼ੀਅਨ ਹਰਦੀਪ ਸਿੰਘ ਨੂੰ ਟੈਲੀਫ਼ੋਨ ਕੀਤਾ। ਉਹ ਪਹਿਲਾਂ ਵੀ ਬਿਜਲੀ ਦੇ ਕੰਮ ਲਈ ਸਾਡੇ ਘਰ ਕਈ ਵਾਰ ਆਇਆ ਸੀ। ਉਸ ਦਾ ਜਵਾਬ ਸੀ, 'ਪ੍ਰੋ. ਸਾਹਿਬ, ਦੀਵਾਲੀ ਕਰ ਕੇ ਘਰ ਦੇ ਕੰਮ ਵਿਚ ਮਸਰੂਫ਼ ਹਾਂ। ਹੁਣ ਔਜ਼ਾਰ ਧੋ ਕੇ ਰੱਖ ਰਿਹਾ ਹਾਂ ਅਤੇ ਪੂਜਾ ਵਜੋਂ ਅਰਦਾਸ ਕਰਨੀ ਤੇ ਮੱਥਾ ਟੇਕਣਾ ਹੈ। ਬਿਜਲੀ ਦਾ ਕੰਮ ਤਾਂ ਹੁਣ ਪਰਸੋਂ ਹੋਵੇਗਾ।' ਉਸ ਦਾ ਇਹ ਜਵਾਬ ਸੁਣ ਕੇ ਅਸੀਂ ਚੁੱਪ ਹੋ ਗਏ, ਕਿਉਂਕਿ ਕਿਸੇ ਦੀ ਆਸਥਾ ਵਿਚ ਦਖ਼ਲ ਅੰਦਾਜ਼ੀ ਠੀਕ ਨਹੀਂ ਸੀ।

ਮੋਮਬੱਤੀਆਂ ਜਗਾਈਆਂ ਹੋਈਆਂ ਸਨ ਅਤੇ ਬੈਠ ਕੇ ਫੇਰ ਸੋਚਣ ਲੱਗੇ। ਸਾਨੂੰ ਯਾਦ ਆਇਆ ਕਿ ਪੇਂਟਰ ਜਦੋਂ ਸਫ਼ੈਦੀ ਕਰ ਰਿਹਾ ਸੀ ਤਾਂ ਬਲਬਾਂ ਦੀ ਲੜੀ ਨੂੰ ਚੁੱਕਦਿਆਂ ਉਸ ਕੋਲੋਂ ਇੱਕ ਬਲਬ ਟੁੱਟ ਗਿਆ ਸੀ। ਉਸ ਨੇ ਟੁੱਟਿਆ ਹੋਇਆ ਬਲਬ ਤਾਂ ਲੜੀ ਵਿੱਚੋਂ ਬਾਹਰ ਕਢ ਦਿੱਤਾ, ਪਰ ਤਾਰਾਂ ਨੂੰ ਜੋੜ ਕੇ ਗੁੱਛਾ-ਮੁੱਛਾ ਕਰ ਕੇ ਫਿਰ ਡੱਬੇ ਵਿਚ ਰੱਖ ਦਿਤਾ ਸੀ। ਅਸੀਂ ਵੀ ਬੇਧਿਆਨੇ ਲੜੀ ਨੂੰ ਫ਼ਿਟ ਕਰ ਕੇ ਸਵਿੱਚ ਆਨ ਕੀਤਾ ਤਾਂ ਪਟਾਕਾ ਬੋਲ ਪਿਆ।

ਹਨੇਰੇ ਵਿੱਚ ਬੈਠੇ ਗੱਲਾਂ ਕਰਦੇ-ਕਰਦੇ ਮੈਂ ਇਸ ਸੋਚ ਵਿੱਚ ਡੁੱਬ ਜਾਂਦੀ ਕਿ ਅੱਜ ਦੀਵਾਲੀ ਦੀ ਰਾਤ ਹਨੇਰੇ ਵਿੱਚ ਕੱਟਾਂਗੇ। ਕੱਲ੍ਹ ਵਿਸ਼ਵਕਰਮਾ ਦਿਹਾੜਾ ਹੈ, ਕਿਸੇ ਨੇ ਔਜ਼ਾਰ ਨਹੀਂ ਚੁੱਕਣੇ, ਕੰਮ ਨਹੀਂ ਕਰਨਾ, ਬਿਜਲੀ ਪਰਸੋਂ ਹੀ ਠੀਕ ਹੋਵੇਗੀ। ਮੈਂ ਖਿਝ ਕੇ ਅਪਣੀ ਪਤੀ ਨੂੰ ਕਿਹਾ, 'ਤੁਸੀ ਬਸ ਸਾਰੀ ਉਮਰ ਪ੍ਰੋਫ਼ੈਸਰੀ ਕੀਤੀ ਹੈ, ਜੇ ਆਹ ਮਾੜੀ ਮੋਟੀ ਬਿਜਲੀ ਦੇ ਕੰਮ ਦੀ ਵੀ ਜਾਣਕਾਰੀ ਰੱਖਦੇ ਤਾਂ ਐਨੀ ਮੁਸੀਬਤ ਵਿੱਚ ਨਾ ਫਸਦੇ।'

ਉਹ ਅੱਗੋਂ ਥੋੜ੍ਹੇ ਸਬਰ ਨਾਲ, ਪਰ ਹਲਕੇ ਜਿਹੇ ਅੰਦਾਜ਼ ਵਿਚ ਬੋਲੇ, 'ਮੈਡਮ, ਕਹਿਣਾ ਬਹੁਤ ਸੌਖਾ ਹੁੰਦਾ ਹੈ। ਹੁਣ ਵੇਖ ਲਉ ਰੀਟਾਇਰਮੈਂਟ ਤੋਂ ਪਿਛੋਂ ਮੈਂ ਕਿੰਨੇ ਸਾਲਾਂ ਤੋਂ ਤੁਹਾਡੇ ਡਰਾਈਵਰ ਦਾ ਕੰਮ ਕਰ ਰਿਹਾ ਹਾਂ। ਕਦੇ-ਕਦੇ ਮਾਲੀ ਦਾ ਕੰਮ ਵੀ ਕਰਦਾ ਹਾਂ, ਕਦੇ ਚੌਕੀਦਾਰੀ ਵੀ ਕਰਦਾ ਹਾਂ। ਰਸੋਈਆ ਤਾਂ ਮੈਂ ਸਾਰਾ ਦਿਨ ਬਣਿਆ ਰਹਿੰਦਾ ਹਾਂ। ਪਲੰਬਰ ਦਾ ਕੰਮ ਔਖਾ ਹੈ, ਪਰ ਬਿਜਲੀ ਦਾ ਕੰਮ ਬਸ ਤੌਬਾ, ਇਸ ਤੋਂ ਮੈਨੂੰ ਬਹੁਤ ਡਰ ਲਗਦਾ ਹੈ।' ਹਾਸੇ ਵਾਲੀ ਗੱਲ ਤਾਂ ਆਈ ਗਈ ਹੋ ਗਈ, ਫਿਰ ਅਸੀ ਉਸੇ ਫ਼ਿਕਰ ਵਿੱਚ ਡੁੱਬ ਗਏ।

ਕੁਝ ਦੇਰ ਪਿਛੋਂ ਸਾਨੂੰ ਹੈਰਾਨੀ ਵੀ ਹੋਈ ਅਤੇ ਖ਼ੁਸ਼ੀ ਵੀ ਕਿ ਹਰਦੀਪ ਸਿੰਘ ਇਲੈਕਟ੍ਰੀਸ਼ੀਅਨ ਦਾ ਫ਼ੋਨ ਆ ਗਿਆ। ਉਸ ਨੇ ਮੇਰੇ ਪਤੀ ਨੂੰ ਕਿਹਾ ਕਿ ਉਹ ਆ ਰਿਹਾ ਹੈ। ਥੋੜ੍ਹੀ ਦੇਰ ਪਿੱਛੋਂ ਉਹ ਆ ਗਿਆ। ਕਰੀਬ ਇੱਕ ਘੰਟੇ ਦੀ ਮਿਹਨਤ ਪਿੱਛੋਂ ਉਸ ਨੇ ਸਾਡਾ ਇਨਵਰਟਰ ਅਤੇ ਬਿਜਲੀ ਦੋਵੇਂ ਚਾਲੂ ਕਰ ਦਿਤੇ। ਜਾਣ ਤੋਂ ਪਹਿਲਾਂ ਮੈਂ ਉਸ ਲਈ ਪਾਣੀ ਦਾ ਗਲਾਸ ਲੈ ਕੇ ਆਈ। ਉਹ ਬੈਠ ਗਿਆ ਅਤੇ ਪਾਣੀ ਪੀਂਦਿਆਂ ਉਸ ਨੇ ਸਾਨੂੰ ਇਹ ਗੱਲ ਸੁਣਾਈ, 'ਜਦੋਂ ਮੈਂ ਬਿਜਲੀ ਬੰਦ ਹੋਣ ਦੀ ਗੱਲ ਘਰ ਵਾਲੀ ਨਾਲ ਸਾਂਝੀ ਕੀਤੀ ਤਾਂ ਪਹਿਲਾਂ ਉਹ ਚੁਪ ਰਹੀ, ਪਰ ਥੋੜ੍ਹੀ ਦੇਰ ਪਿਛੋਂ ਸੋਚ ਕੇ ਬੋਲੀ ਕਿ ਅੱਜ ਦੀਵਾਲੀ ਹੈ ਅਤੇ ਕੱਲ੍ਹ ਨੂੰ ਵਿਸ਼ਵਕਰਮਾ ਦਿਵਸ, ਇਸ ਤਰ੍ਹਾਂ ਉਹ ਪਰਸੋਂ ਤਕ ਹਨੇਰੇ ਵਿਚ ਬੈਠੇ ਰਹਿਣਗੇ। ਤੁਸੀ ਭਾਵੇਂ ਔਜ਼ਾਰ ਸਾਂਭ ਦਿਤੇ ਹਨ, ਪਰ ਚੰਗਾ ਇਹੀ ਹੋਵੇਗਾ ਕਿ ਹੁਣੇ ਹੀ ਜਾਉ ਤੇ ਬਿਜਲੀ ਠੀਕ ਕਰ ਆਉ। ਔਜ਼ਾਰਾਂ ਨੂੰ ਸਾਫ਼ ਕਰ ਕੇ ਫਿਰ ਪੂਜਾ ਕਰ ਲੈਣਾ, ਇਸ ਨਾਲ ਕੋਈ ਵਿਘਨ ਨਹੀਂ ਪੈਂਦਾ। ਘਰ ਵਾਲੀ ਦੀ ਇਹ ਗੱਲ ਮੇਰੇ ਦਿਲ ਨੂੰ ਵੀ ਟੁੰਬ ਗਈ ਤੇ ਮੈਂ ਤੁਹਾਨੂੰ ਆਉਣ ਲਈ ਫ਼ੋਨ ਕਰ ਦਿਤਾ।'

ਇਹ ਗੱਲ ਸੁਣਾ ਕੇ ਹਰਦੀਪ ਸਿੰਘ ਚਲਾ ਗਿਆ, ਪਰ ਅਸੀਂ ਦੋਵੇਂ ਉਸ ਦੀ ਪਤਨੀ ਦੇ ਵਿਚਾਰਾਂ ਦੇ ਕਾਇਲ ਹੋ ਗਏ। ਆਮ ਤੌਰ ਉੱਤੇ ਘਰ ਦੀਆਂ ਔਰਤਾਂ ਅਪਣੀ ਸਮਾਜਕ ਪਰੰਪਰਾ ਅਤੇ ਧਾਰਮਕ ਅਕੀਦਿਆਂ ਦੀਆਂ ਧਾਰਨੀ ਹੁੰਦੀਆਂ ਹਨ, ਪਰ ਸਾਨੂੰ ਇਹ ਲੱਗਿਆ ਕਿ ਹਰਦੀਪ ਸਿੰਘ ਦੀ ਪਤਨੀ ਨੇ ਲੋੜ ਵੇਲੇ ਕਿਸੇ ਦੀ ਮਦਦ ਕਰਨ ਨੂੰ ਵੀ ਪਹਿਲ ਦਿਤੀ ਹੈ। ਵਿਸ਼ਵਕਰਮਾ ਦਿਵਸ ਨੂੰ ਮਨਾਉਣਾ ਤੇ ਉਸ ਪ੍ਰਤੀ ਸਤਿਕਾਰ ਦੀ ਭਾਵਨਾ ਕਾਇਮ ਰੱਖਣੀ ਤਾਂ ਉਨ੍ਹਾਂ ਦੇ ਵਿਸ਼ਵਾਸ ਦਾ ਹਿੱਸਾ ਹੈ। ਉਨ੍ਹਾਂ ਨੇ ਵਿਸ਼ਵਾਸ ਨੂੰ ਤੋੜਿਆ ਨਹੀਂ, ਪਰ ਮਦਦ ਵੀ ਕਰ ਦਿਤੀ।

ਹਰ ਸਾਲ ਦੀਵਾਲੀ ਦੀ ਆਮਦ ਮੌਕੇ ਹਰਦੀਪ ਸਿੰਘ ਦੀ ਪਤਨੀ ਦਾ ਅਣਵੇਖਿਆ ਚਿਹਰਾ ਕਿਸੇ ਨਾ ਕਿਸੇ ਰੂਪ ਵਿੱਚ ਮੇਰੀਆਂ ਅੱਖਾਂ ਅੱਗੇ ਅਛੋਪਲੇ ਹੀ ਆ ਜਾਂਦਾ ਹੈ, ਜਿਸ ਦੀ ਬਦੌਲਤ ਸਾਡਾ ਘਰ ਰੁਸ਼ਨਾਇਆ ਗਿਆ ਸੀ।



ਬੰਦੀਛੋੜ ਦਿਵਸ
ਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ

AUTO & HOME INSURANCE

Super visa monthly plans available /Life & Disability/
Critical illness /RESP /Visitor & Travel insurance

ਬੱਚਿਆਂ ਦੀ ਆਰ ਈ ਐਸ ਪੀ ਕਰਾਉਣ ਤੇ 20% ਤੱਕ ਗਰਾਂਟ ਅਤੇ 15% ਤੱਕ ਬੋਨਸ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ: Manwinder Mangat

Aaxel Insurance Brokers Ltd.
1332 Khalsa Dr, Unit # 11, Mississauga, ON L5S 0A2

416-845-1352



# ਫੰਡਰ ਮੱਝਾਂ ਚੋਣ ਵਾਲੇ

-ਦੇਵਿੰਦਰ ਦੀਦਾਰ

ਕਈ ਲੋਕ ਮੁੱਢ ਤੋਂ ਹੀ ਆਪਣੇ ਆਪ ਨੂੰ ਬਾਕੀਆਂ ਨਾਲੋਂ ਸਿਆਣਾ, ਤਾਕਤਵਰ ਅਤੇ ਚਲਾਕ ਸਮਝਣ ਦੀ ਗਲਤ ਫਹਿਮੀ ਪਾਲਣ ਲੱਗ ਪੈਂਦੇ ਹਨ। ਉਹ ਇਸੇ ਭੁਲੇਖੇ ਵਿੱਚ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਕਿ ਜੇ ਉਹ ਦੁਨੀਆ ਉਪਰ ਨਾ ਆਉਂਦੇ ਤਾਂ ਦੁਨੀਆ ਦਾ ਬੜਾ ਵੱਡਾ ਨੁਕਸਾਨ ਹੋਣਾ ਸੀ। ਉਨ੍ਹਾਂ ਨੇ ਇਹ ਗੱਲ ਸਿੱਧ ਕਰਨ ਲਈ ਆਪਣੇ ਵੱਲੋਂ ਕੀਤੇ ਕੰਮ ਤੇ ਪ੍ਰਾਪਤ ਡਿਗਰੀਆਂ ਦੀ ਇੱਕ ਸੂਚੀ ਵੀ ਬਣਾਈ ਹੁੰਦੀ ਹੈ, ਜਿਵੇਂ ਨਾ ਉਨ੍ਹਾਂ ਦਾ ਮੌਜੂਦਾ ਘਰ ਬਣਨਾ ਸੀ, ਨਾ ਕਿਸੇ ਨੇ ਉਨ੍ਹਾਂ ਵਾਂਗ ਪੜ੍ਹਨਾ ਪੜ੍ਹਾਉਣਾ ਸੀ, ਨਾ ਉਨ੍ਹਾ ਵਾਲਾ ਕੰਮ ਉਨ੍ਹਾਂ ਵਾਂਗ ਕਿਸੇ ਹੋਰ ਨੇ ਕਰਨਾ ਸੀ ਆਦਿ। ਜੇ ਉਨ੍ਹਾਂ ਵੱਲੋਂ ਕੀਤੇ ਕੰਮ ਦੀ ਕੋਈ ਤਾਰੀਫ ਨਾ ਕਰੇ, ਉਨ੍ਹਾਂ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦੇਵੇ ਜਾਂ ਉਨ੍ਹਾਂ ਦੀ ਕਹੀ ਗੱਲ ਦਾ ਕੋਈ ਵਿਸ਼ਵਾਸ ਨਾ ਕਰੇ ਤਾਂ ਉਹ ਖਿੱਝਣਾ ਸ਼ੁਰੂ ਕਰ ਦਿੰਦੇ ਹਨ। ਗੁੱਸੇ ਵਿੱਚ ਆ ਕੇ ਦੂਜਿਆਂ ਨਾਲ ਬੋਲਣਾ ਬੰਦ ਕਰ ਦਿੰਦੇ ਹਨ। ਜੇ ਫੇਰ ਵੀ ਕੋਈ ਉਨ੍ਹਾਂ ਦੀ ਪ੍ਰਵਾਹ ਨਹੀਂ ਕਰਦਾ ਤਾਂ ਉਹ ਉਸ ਨਾਲ ਝਗੜਾ ਕਰਨ ਤੱਕ ਤੋਂ ਵੀ ਪਿੱਛੇ ਨਹੀਂ ਹਟਦੇ। ਉਂਝ ਕਹਿੰਦੇ ਹਨ ਕਿ ਮਨੁੱਖ ਵਿੱਚ ਭੋਗੀਆਂ ਜੂਨਾਂ ਦਾ ਕੁਝ ਨਾ ਕੁਝ ਅੰਸ਼ ਜ਼ਰੂਰ ਹੁੰਦਾ ਹੈ। ਖਤਰਨਾਕ ਜਾਨਵਰਾਂ ਅਤੇ ਸੱਪਾਂ ਦੇ ਅੰਸ਼ ਕੁਝ ਜ਼ਿਆਦਾ ਹੁੰਦੇ ਹਨ। ਜਦੋਂ ਮਨੁੱਖ ਪਾਣੀ ਵਿੱਚ ਥੁੱਕਦਾ ਜਾਂ ਨੱਕ ਸਾਫ ਕਰਦਾ ਹੈ ਜਾਂ ਉਸ ਦਾ ਖੂਨ ਘੱਟ ਮਾਤਰਾ ਵਿੱਚ ਕਿਧਰੇ ਪਾਣੀ ਵਿੱਚ ਡੁੱਲ੍ਹਦਾ ਹੈ ਤਾਂ ਧਿਆਨ ਨਾਲ ਵੇਖਣ ਉੱਤੇ ਇਹ ਚੀਜ਼ਾਂ ਸੱਪ ਵਾਂਗ ਵਲ ਪਾਉਂਦੀਆਂ ਪਾਣੀ ਵਿੱਚ ਦਿੱਸਦੀਆਂ ਹਨ। ਕੀ ਇਸ ਤੋਂ ਸਾਬਤ ਨਹੀਂ ਹੁੰਦਾ ਕਿ ਮਨੁੱਖ ਆਪਣੇ ਅੰਦਰ ਕਿੰਨੇ ਸੱਪ ਪਾਲੀ ਬੈਠਾ ਹੈ? ਦੁਨੀਆ ਵਿੱਚ ਆਉਣ ਵਾਲੇ ਇਸ ਤਰ੍ਹਾਂ ਦੇ ਲੋਕ ਆਪਣੇ ਆਪ ਨੂੰ ਫੰਨੇ ਖਾਂ ਸਮਝਦੇ ਹਨ। ਇਸ ਦੇ ਨਾਲ ਉਹ ਬਾਕੀਆਂ ਨਾਲੋਂ ਅਲੋਕਾਰ ਅਤੇ ਅਲੱਗ ਵੀ ਖੁਦ ਨੂੰ ਸਮਝਦੇ ਹਨ ਜਿਵੇਂ ਉਨ੍ਹਾਂ ਨੂੰ ਰੱਬ ਨੇ ਕਿਸੇ ਵੱਖਰੀ ਮਿੱਟੀ ਦਾ ਬਣਾਇਆ ਹੋਵੇ। ਬਚਪਨ ਵਿੱਚ ਉਨ੍ਹਾਂ ਦੇ ਮਾਂ ਬਾਪ ਉਨ੍ਹਾਂ ਦੀ ਉਸਤਤ ਕਰਨ ਲਈ ਕੋਈ ਉਤਸ਼ਾਹਤ ਅਲੰਕਾਰ ਵਰਤੇ ਜਾਂ ਲਾਡ ਪਿਆਰ ਨਾਲ ਉਨ੍ਹਾਂ ਨੂੰ ਵਡਿਆਣ ਉਣ ਲਈ ਕੋਈ ਉਚੇਚੇ ਲਫਜ਼ ਜਾਂ ਪਦਵੀਆਂ ਵਰਤੇ ਹਨ ਤਾਂ ਉਹ ਉਨ੍ਹਾਂ ਨੂੰ ਹਕੀਕਤ ਸਮਝਣ ਲੱਗ ਪੈਂਦੇ ਤੇ ਇਸੇ ਗਲਤ ਫਹਿਮੀ ਵਿੱਚ ਜਿਊਣਾ ਸ਼ੁਰੂ ਕਰ ਦਿੰਦੇ ਹਨ। ਜੇ ਜ਼ਿੰਦਗੀ ਵਿੱਚ ਉਨ੍ਹਾਂ ਨੂੰ ਕੋਈ ਚੰਗੀ ਸੰਗਤ ਨਸੀਬ ਨਹੀਂ ਹੁੰਦੀ ਤਾਂ ਸਾਰੀ ਉਮਰ ਇਸੇ ਖੁਸ਼ ਫਹਿਮੀ ਵਿੱਚ ਜਿਊਣ ਦੀ ਆਦਤ ਪਾਲ ਲੈਂਦੇ ਹਨ। ਵਕਤ ਪਾ ਕੇ ਉਨ੍ਹਾਂ ਦਾ ਯਕੀਨ ਪੱਕਾ ਹੁੰਦਾ ਜਾਂਦਾ ਹੈ ਕਿ ਹੁਣ ਤੱਕ ਨਾ ਉਨ੍ਹਾਂ ਵਰਗਾ ਕੋਈ ਇਸ ਦੁਨੀਆ ਉਪਰ ਆਇਆ ਅਤੇ ਨਾ ਆਵੇਗਾ। ਉਨ੍ਹਾਂ ਨੂੰ ਬਹੁਤੀ ਵਾਰ ਇਹ ਮਹਿਸੂਸ ਹੁੰਦਾ ਹੈ ਕਿ ਜਿੰਨੇ ਥੋੜ੍ਹੇ ਸਾਧਨਾਂ ਨਾਲ ਅਤੇ ਜਿੰਨੀਆਂ ਵੱਡੀਆਂ ਮੁਸ਼ਕਲਾਂ ਵਿੱਚੋਂ ਲੰਘ ਕੇ ਉਨ੍ਹਾਂ ਨੇ ਮੌਜੂਦਾ ਰੁਤਬੇ ਹਾਸਲ ਕੀਤੇ ਹਨ (ਭਾਵੇਂ ਉਹ ਆਪਣੇ ਪਰਵਾਰ ਦੇ ਪਾਲਣ ਪੋਸ਼ਣ ਤੱਕ ਸੀਮਿਤ ਹੋਣ) ਬਹੁਤ ਘੱਟ ਲੋਕ ਉਨ੍ਹਾਂ ਦੇ ਮੁਕਾਮ ਤੱਕ ਪਹੁੰਚੇ ਹਨ। ਉਹ ਇਸ ਭਰਮ ਵਿੱਚੋਂ ਬਾਹਰ ਵੀ ਨਹੀਂ ਨਿਕਲਣਾ ਚਾਹੁੰਦੇ ਕਿ ਜਿੰਨੀਆਂ ਮੁਸ਼ਕਲਾਂ ਭਰੀ ਜ਼ਿੰਦਗੀ ਉਨ੍ਹਾਂ ਨੇ ਜੀਵੀ ਹੈ, ਹੋਰ ਕੋਈ ਮਾਈ ਦਾ ਲਾਲ ਇਨ੍ਹਾਂ ਮੁਸ਼ਕਲਾਂ ਵਿੱਚੋਂ ਨਹੀਂ ਸੀ ਉਭਰ ਸਕਦਾ। ਦੂਜਿਆਂ ਵੱਲੋਂ ਕੀਤੇ ਬਹੁਤੇ ਕੰਮ ਉਨ੍ਹਾਂ ਨੂੰ ਜੁਗਾੜਬਾਜ਼ੀ ਹੀ ਲੱਗਦੇ ਹਨ।

ਆਪਣੇ ਤੋਂ ਪਹਿਲੀ ਪੀੜ੍ਹੀ ਉਨ੍ਹਾਂ ਨੂੰ ਬੜੀ ਸੌਖੀ ਤੇ ਆਰਾਮ ਪ੍ਰਸਤ ਲੱਗਦੀ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਮੁਕਾਬਲੇ ਬਹੁਤ ਘੱਟ ਮਿਹਨਤ ਕੀਤੀ ਤੇ ਬਹੁਤ ਆਰਾਮਦੇਹ ਜੀਵਨ ਜੀਵਿਆ। ਵੱਡੇ ਪਰਵਾਰ ਹੋਣ ਦੇ ਬਾਵਜੂਦ ਉਹ ਸਾਰੀ ਉਮਰ ਮੌਜਾਂ ਹੀ ਮਾਣਦੇ ਰਹੇ ਤੇ ਆਪਣੇ ਬੱਚਿਆਂ ਦਾ ਜੀਵਨ ਸੁਖਾਲਾ ਕਰਨ ਲਈ ਲੋੜੀਂਦੀ ਮਿਹਨਤ ਨਹੀਂ ਕੀਤੀ। ਇਸੇ ਲਈ ਸਾਦ-ਮੁਰਾਦਾ, ਖੁਸ਼ੀਆਂ ਭਰਿਆ ਜੀਵਨ, ਖੁੱਲ੍ਹਾ ਡੁੱਲ੍ਹਾ ਮਾਹੌਲ, ਸੁੱਖ ਸਹੂਲਤਾਂ ਭਰਪੂਰ ਅਤੇ ਫਰੇਬਾਂ ਤੋਂ ਅਭਿੱਜ ਦੁਨੀਆ ਉਹ ਆਪਣੇ ਨਾਲ ਲੈ ਗਏ। ਕੰਮ ਦੀ ਅੱਜ ਵਰਗੀ ਹਫੜਾ ਦਫੜੀ 'ਚੋਂ ਉਨ੍ਹਾਂ ਨੂੰ ਕਦੇ ਨਹੀਂ ਸੀ ਗੁਜ਼ਰਨਾ ਪਿਆ। ਜੇ ਉਹ ਵੀ ਆਪਣੇ ਬੱਚਿਆਂ ਲਈ ਸਾਡੇ ਵਾਂਗ ਕੁਝ ਮੁਸ਼ਕਲਾਂ ਝੱਲਦੇ ਤਾਂ ਸ਼ਾਇਦ ਸਾਡੀ ਪੀੜ੍ਹੀ ਦਾ ਜੀਵਨ ਥੋੜ੍ਹਾ ਸੁਖਾਲਾ ਹੁੰਦਾ। ਵੱਧ ਰਹੀ ਬੇਈਮਾਨੀ, ਰਿਸ਼ਵਤਖੋਰੀ ਅਤੇ ਅਰਾਜਕਤਾ ਬਾਰੇ ਵੀ ਉਹ ਆਪਣਾ ਵੱਖਰਾ ਪੱਖ ਰੱਖਦੇ ਹਨ। ਜੇ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਦਾ ਤਾਂ ਉਂਗਲ ਟੇਢੀ ਕਰਨ ਵਿੱਚ ਕੀ ਹਰਜ ਹੈ? ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ, ਜਿਨ੍ਹਾਂ ਲੋਕਾਂ ਨੇ ਪਿਛੇ ਰਾਜਿਆਂ, ਮਹਾਰਾਜਿਆਂ ਜਾਂ ਅੰਗਰੇਜ਼ਾਂ ਦੀ ਮੁੱਠੀ ਚਾਪੀ ਕੀਤੀ ਸੀ, ਅੱਜ ਉਨ੍ਹਾਂ ਦੀ ਔਲਾਦ ਮੌਜਾਂ ਮਾਣ ਰਹੀ ਹੈ ਅਤੇ ਸਾਡੇ ਬਜ਼ੁਰਗਾਂ ਨੇ ਇਮਾਨਦਾਰੀ ਅਤੇ ਦਿਆਨਤਦਾਰੀ ਦਾ ਪੱਲਾ ਫੜ ਕੇ ਸਾਨੂੰ ਅੱਜ ਵੀ ਰੋਟੀ ਵਾਲੀ ਕਤਾਰ ਵਿੱਚ ਖੜ੍ਹਾ ਕੀਤਾ ਹੋਇਆ ਹੈ। ਕਾਨੂੰਨ ਹਮੇਸ਼ਾ ਆਮ ਜਨਤਾ ਲਈ ਹੁੰਦੇ ਹਨ, ਉਚ ਪਦਵੀਆਂ ਵਾਲੇ ਅਤੇ ਮਾਇਆਧਾਰੀ ਕਾਨੂੰਨ ਨੂੰ ਟਿੱਚ ਸਮਝਦੇ ਹਨ। ਕਈ ਵਾਰ ਜੋਸ਼ ਵਿੱਚ ਆ ਕੇ ਉਹ ਚੋਰੀ, ਲੁੱਟਾਂ ਖੋਹਾਂ ਅਤੇ ਹਰ ਬੇਈਮਾਨੀ ਤੇ ਰਿਸ਼ਵਤਖੋਰੀ ਨੂੰ ਮਿਹਨਤ ਦਾ ਨਾਮ ਦੇਣ ਤੋਂ ਵੀ ਸ਼ਰਮਿੰਦਗੀ ਮਹਿਸੂਸ ਨਹੀਂ ਕਰਦੇ। ਉਨ੍ਹਾਂ ਲਈ ਪੈਸਾ ਹੀ ਸਭ ਤੋਂ ਉਪਰ ਹੈ, ਕਮਾਈ ਦੇ ਸਾਧਨ ਜਾਂ ਢੰਗ ਬਾਰੇ ਕੋਈ ਟਿੱਪਣੀ ਕਰਨ ਦੇ ਹੱਕ ਵਿੱਚ ਨਹੀਂ ਹੁੰਦੇ। ਪਿਛਲੀ ਪੀੜ੍ਹੀ ਦੇ ਨਾਲ ਨਾਲ ਉਹ ਅਗਲੀ ਪੀੜ੍ਹੀ ਨੂੰ ਵੀ ਮਾੜਾ ਬੋਲਣ ਤੋਂ ਗੁਰੇਜ਼ ਨਹੀਂ ਕਰਦੇ, ਅਖੇ ਨਾ ਕੁਝ ਪਿਛਲੀ ਪੀੜ੍ਹੀ ਨੇ ਕੀਤਾ ਅਤੇ ਨਾ ਅਗਲੀ ਪੀੜ੍ਹੀ ਕਰਨ ਜੋਗੀ ਹੈ, ਜੇ ਅਸੀਂ ਆਪਣੀ ਮਿਹਨਤ ਇਨ੍ਹਾਂ ਦੋਵਾਂ ਪੀੜ੍ਹੀਆਂ 'ਚੋਂ ਪਿੱਛੇ ਖਿੱਚ ਲਈਏ ਤਾਂ ਦੋਵੇਂ ਪੀੜ੍ਹੀਆਂ ਮੂਧੇ ਮੂੰਹ ਡਿੱਗ ਪੈਣ।

ਗੱਲ ਫਿਰ ਉਥੇ ਆ ਜਾਂਦੀ ਹੈ ਕਿ ਉਹ ਲੋਕ ਜੋ ਆਪਣੇ ਆਪ ਨੂੰ ਫੰਨੇ ਖਾਂ ਸਮਝਦੇ ਹਨ, ਉਨ੍ਹਾਂ ਦੀ ਇਮਾਨਦਾਰੀ, ਪ੍ਰੇਮ ਪਿਆਰ, ਸਮਾਜਕ ਜੀਵਨ ਤੇ ਦੇਸ਼ ਪ੍ਰੇਮ ਵਿੱਚ ਇੱਕ ਕੰਡੇਦਾਰ ਰੁੱਖ ਬੇਈਮਾਨ, ਰਿਸ਼ਵਤਖੋਰੀ ਅਤੇ ਗੈਰ ਜ਼ਿੰਮੇਵਾਰ ਕਿਰਦਾਰ ਉਗ ਆਇਆ ਹੈ। ਉਹ ਜਦੋਂ ਵੀ ਉਦਾਹਰਣ ਦੇਣਗੇ ਤਾਂ ਬੇਈਮਾਨ ਨੇਤਾ ਭ੍ਰਿਸ਼ਟ ਅਫਸਰ ਜਾਂ ਰਿਸ਼ਵਤਖੋਰ ਕਰਮਚਾਰੀ ਦੀ ਕਮਾਈ ਦੀ ਦੇਣਗੇ, ਜੋ ਕੁਝ ਸਮੇਂ ਵਿੱਚ ਗੈਰ ਕਾਨੂੰਨੀ ਧੰਦਿਆਂ ਨਾਲ ਮਾਇਆ ਇਕੱਠੀ ਕਰ ਕੇ ਅਮੀਰ ਬਣੇ ਅਤੇ ਸਰਕਾਰ ਤੇ ਆਮ ਲੋਕ ਉਨ੍ਹਾਂ ਦਾ ਕੁਝ ਵੀ ਨਹੀਂ ਵਿਗਾੜ ਸਕੇ ਅਤੇ ਨਾ ਉਨ੍ਹਾਂ ਨੂੰ ਕੋਈ ਸਜ਼ਾ ਹੋਈ ਹੈ। ਉਨ੍ਹਾਂ ਨੂੰ ਆਪਣੇ ਚਾਰ ਚੁਫੇਰੇ ਕੋਈ ਵੀ ਇਮਾਨਦਾਰ ਮਨੁੱਖ ਨਹੀਂ ਦਿਸਦਾ। ਸਭ ਆਪਣੇ ਵਰਗੇ ਜੁਗਾੜੀ ਨਜ਼ਰ ਆਉਂਦੇ ਹਨ। ਇਸ ਕਰ ਕੇ ਉਹ ਵੀ ਇਸੇ ਤਰ੍ਹਾਂ ਦਾ ਜੀਵਨ ਜਿਊਣ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ।

ਕਦੇ ਬੱਚੇ ਸਕੂਲ ਜਾਣ ਤੋਂ ਪਹਿਲਾਂ ਪਿੰਡਾਂ ਵਿੱਚ ਪੱਠੇ ਵੱਢ ਕੇ, ਕੁਤਰ ਕੇ, ਡੰਗਰਾਂ ਨੂੰ ਪਾ ਕੇ ਅਤੇ ਸ਼ਹਿਰਾਂ ਵਿੱਚ ਦੁਕਾਨ ਦੀ ਸਫਾਈ ਕਰ ਕੇ ਅਤੇ ਧੂਫ ਬੱਤੀ ਕਰ ਕੇ ਸਕੂਲ ਜਾਂਦੇ ਸਨ। ਸਕੂਲੋਂ ਆ ਕੇ ਵੀ ਪਿੰਡ ਵਾਲੇ ਬੱਚਿਆਂ ਨੇ ਡੰਗਰ ਚਾਰਨੇ ਤੇ ਸ਼ਹਿਰਾਂ ਵਾਲਿਆਂ ਨੇ ਦੁਕਾਨ ਉਪਰ ਬੈਠਣਾ। ਫਿਰ ਹਨੇਰਾ ਪਏ ਘਰ ਆ ਕੇ ਰੋਟੀ ਪਾਣੀ ਖਾ ਕੇ ਦੀਵਾ ਜਾਂ ਲੈਂਪ ਲੈ ਕੇ ਸਕੂਲ ਦਾ ਕੰਮ ਕਰ ਕੇ ਉਨ੍ਹਾਂ ਨੂੰ ਬਿਸਤਰਾ ਨਸੀਬ ਹੁੰਦਾ ਸੀ। ਇਸ ਤਰ੍ਹਾਂ ਦੇ ਬੱਚੇ ਪੜ੍ਹ ਕੇ ਨੌਕਰੀਆਂ ਕਰਨ ਜੋਗੇ ਵੀ ਹੋ ਜਾਂਦੇ ਸਨ। ਅੱਜ ਸਾਰਾ ਟੱਬਰ ਮਸਾਂ ਇੱਕ ਬੱਚੇ ਨੂੰ ਨੁਹਾ ਧੁਆ ਕੇ ਤਿਆਰ ਕਰ ਕੇ ਸਕੂਲ ਬਸ 'ਤੇ ਚੜ੍ਹਾਉਣ ਦੇ ਕੰਮ ਰੁੱਝਾ ਰਹਿੰਦਾ ਹੈ। ਸਕੂਲੋਂ ਵਾਪਸ ਆਏ ਨੂੰ ਕੁਝ ਖੁਆ ਪਿਆ ਕੇ ਟਿਊਸ਼ਨ ਸੈਂਟਰ ਭੇਜਣਾ ਵੀ ਉਨ੍ਹਾਂ ਦੀ ਡਿਊਟੀ ਵਿੱਚ ਆਉਂਦਾ ਹੈ। ਹਜ਼ਾਰਾਂ-ਲੱਖਾਂ ਰੁਪਏ ਖਰਚ ਕੇ ਨੌਕਰੀ ਵਾਲੀ ਮੈਰਿਟ ਤੋਂ ਇਸ ਤਰ੍ਹਾਂ ਦੇ ਜ਼ਿਆਦਾਤਰ ਬੱਚੇ ਪੱਛੜ ਜਾਂਦੇ ਹਨ। ਜ਼ਿਆਦਾਤਰ ਲੋਕਾਂ ਦੀ ਅੱਜਕੱਲ੍ਹ ਤਾਸੀਰ ਅਤੇ ਜ਼ਮੀਰ ਬਦਲ ਚੁੱਕੀ ਹੈ। ਉਹ ਕੰਮ ਕਢਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਵਕਤ ਪੈਣ 'ਤੇ ਕਿਸੇ ਨੂੰ ਪਛਾਣਨ ਤੋਂ ਇਨਕਾਰੀ ਹੋਣ ਦੀ ਹਿੰਮਤ ਰੱਖਦੇ ਹਨ। ਉਨ੍ਹਾਂ ਨੂੰ ਦੇਸ਼ ਦੀ ਤਰੱਕੀ ਖੁਸ਼ਹਾਲੀ ਜਾਂ ਵਿਗਾੜ ਨਾਲ ਫਰਕ ਨਹੀਂ ਪੈਂਦਾ। ਉਨ੍ਹਾਂ ਨੂੰ ਦੇਸ਼ ਕੌਮ ਤੋਂ ਪਹਿਲਾਂ ਆਪਣਾ ਕੰਮ ਅਤੇ ਮੁਨਾਫਾ ਚਾਹੀਦਾ ਹੈ।

ਜਦੋਂ ਚੋਣਾਂ ਆਉਂਦੀਆਂ ਹਨ ਤਾਂ ਇਸ ਤਰ੍ਹਾਂ ਦੇ ਲੋਕਾਂ ਦੇ ਚਿਹਰੇ ਭਖ ਜਾਂਦੇ ਹਨ। ਉਹ ਹਰ ਪਾਰਟੀ ਦੇ ਨੇਤਾ ਦੀ ਹਾਜ਼ਰੀ ਭਰਦੇ ਹਨ। ਆਪਣੀ ਔਕਾਤ ਮੁਤਾਬਕ ਚੰਦਾ ਦਿੰਦੇ ਹਨ। ਜਦੋਂ ਚੋਣ ਨਤੀਜਾ ਨਿਕਲਦਾ ਹੈ ਤਾਂ ਹਾਰ ਲੈ ਕੇ ਗਿਣਤੀ ਕੇਂਦਰ ਦੇ ਬਾਹਰ ਖੜ੍ਹੇ ਹੁੰਦੇ ਹਨ, ਜੋ ਵੀ ਉਮੀਦਵਾਰ ਜਿੱਤਦਾ ਹੈ, ਉਸ ਦੇ ਗਲ ਹਾਰ ਪਾ ਕੇ ਆਪਣੀ ਵਫਾਦਾਰੀ ਪੱਕੀ ਕਰਨ ਦੇ ਗੁਰ ਉਹ ਭਲੀਭਾਂਤ ਜਾਣਦੇ ਹਨ। ਇੱਕ ਨੇਤਾ ਦੀ ਚਾਪਲੂਸੀ ਕਰ ਕੇ ਨੌਕਰੀ ਲੈ ਲੈਂਦੇ ਹਨ ਅਤੇ ਦੂਜੇ ਨੇਤਾ ਦੀ ਖਿਦਮਤ ਕਰ ਕੇ ਬਦਲੀ ਕਰਵਾ ਲੈਂਦੇ ਹਨ।

ਮੇਰੇ ਇੱਕ ਜਾਣਕਾਰ ਨੇ ਇਸ ਕਾਰੋਬਾਰ ਵਿੱਚ ਪੀ ਐਚ ਡੀ ਕੀਤੀ ਹੋਈ ਹੈ। ਪਿਛਲੇ ਤੀਹ ਪੈਂਤੀ ਸਾਲਾਂ ਤੋਂ ਮੈਂ ਉਸ ਨੂੰ ਜਾਣਦਾ ਹਾਂ। ਉਹ ਰਾਜ ਕਰਨ ਵਾਲੀ ਹਰ ਪਾਰਟੀ ਦੇ ਮੂਹਰਲੇ ਸਮਰਥਕਾਂ ਵਿੱਚ ਹੁੰਦਾ ਹੈ। ਉਸ ਕੋਲ ਪਤਾ ਨਹੀਂ ਕੀ ਗਿੱਦੜਸਿੰਗੀ ਹੈ, ਉਸ ਨੂੰ ਛੇ ਮਹੀਨੇ ਪਹਿਲਾਂ ਪਤਾ ਲੱਗ ਜਾਂਦਾ ਹੈ ਕਿ ਇਸ ਵਾਰ ਕਿਹੜੀ ਪਾਰਟੀ ਸੱਤਾ ਵਿੱਚ ਆਉਣ ਵਾਲੀ ਹੈ। ਵਕਤ ਰਹਿੰਦਿਆਂ ਉਹ ਆਪਣਾ ਪੈਂਤੜਾ ਬਦਲ ਲੈਂਦਾ ਹੈ। ਸਰਕਾਰ ਬਣਨ ਮਗਰੋਂ ਉਸ ਦੇ ਕੰਮ ਹਮੇਸ਼ਾ ਪਹਿਲ ਦੇ ਆਧਾਰ 'ਤੇ ਹੁੰਦੇ ਹਨ। ਇੱਕ ਵਾਰ ਉਸ ਦੇ ਕੱਟੜ ਵਿਰੋਧੀ ਨੂੰ ਟਿਕਟ ਮਿਲ ਗਈ ਤੇ ਉਹ ਜਿੱਤ ਗਿਆ। ਅਸਾਂ ਸੋਚਿਆ ਐਤਕੀਂ ਸਾਡੇ ਜਾਣੂ ਨੂੰ ਠਿੱਬੀ ਲੱਗ ਜਾਣੀ ਹੈ, ਪਰ ਜਦੋਂ ਅਸੀਂ ਕੁਝ ਸੱਜਣ ਉਸ ਜਿੱਤਣ ਵਾਲੇ ਦੇ ਘਰ ਵਧਾਈ ਦੇਣ ਪਹੁੰਚੇ ਤਾਂ ਸਾਡਾ ਉਹ ਜਾਣੂ ਬਿਸਕੁਟਾਂ ਤੇ ਚਾਹ ਨਾਲ ਘਰ ਆਈ ਸੰਗਤ ਦੀ ਸੇਵਾ ਕਰ ਰਿਹਾ ਸੀ। ਸੱਚਮੁੱਚ ਸਾਡੇ ਸਮਾਜ ਵਿੱਚ ਇਸ ਤਰ੍ਹਾਂ ਦੇ ਸੱਜਣਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਜੋ ਸੱਜਰ ਜਾਂ ਤੋਕੜ ਕੀ, ਫੰਡਰ ਮੱਝਾਂ ਦਾ ਦੁੱਧ ਚੋਣ ਦੀ ਮੁਹਾਰਤ ਰੱਖਦੇ ਹਨ। ਸਿਆਸਤ ਵਿੱਚ ਵੀ ਇਸੇ ਤਰ੍ਹਾਂ ਦੇ ਲੋਕ ਆ ਗਏ ਹਨ। ਅੱਜ ਦੇ ਸਿਆਸੀ ਲੋਕਾਂ ਦੇ ਜੀਵਨ ਨੂੰ ਧਿਆਨ ਨਾਲ ਘੋਖਿਆ ਜਾਵੇ ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੀਡਰਾਂ ਦਾ ਜੀਵਨ ਕਦੇ ਵੀ ਸਾਵਾਂ ਪੱਧਰਾ ਨਹੀਂ ਹੁੰਦਾ।

# 'ਰਾਜਸੀ ਨੇਤਾਵਾਂ ਦਾ ਨਿੱਜੀ ਜੀਵਨ ਵੀ ਹੁੰਦੈ'

-ਕਸ਼ਮਾ ਸ਼ਰਮਾ

ਕੁਝ ਦਿਨ ਪਹਿਲਾਂ ਹਾਰਦਿਕ ਪਟੇਲ ਨੇ ਕਿਹਾ ਸੀ ਕਿ ਭਾਜਪਾ ਨੂੰ ਵੋਟ ਦੇਣ ਦਾ ਮਤਲਬ ਹੈ; ਚੋਰ ਨੂੰ ਆਪਣੇ ਘਰ ਦੀ ਚਾਬੀ ਦੇਣਾ। ਹੁਣ ਉਨ੍ਹਾਂ ਕਿਹਾ ਹੈ ਕਿ ਛੇਤੀ ਹੀ ਉਨ੍ਹਾਂ ਦੇ ਚਰਿੱਤਰ ਨੂੰ ਵਿਗਾੜਨ ਲਈ ਕੋਈ ਸੈਕਸ ਸੀ ਡੀ ਜਾਰੀ ਕੀਤੀ ਜਾ ਸਕਦੀ ਹੈ। ਪਿਛਲੇ ਦਿਨੀਂ ਉਨ੍ਹਾਂ 'ਤੇ ਦੋਸ਼ ਲੱਗਾ ਸੀ ਕਿ ਉਹ ਜਦੋਂ ਦਿੱਲੀ ਗਏ ਸਨ ਤਾਂ ਇੱਕ ਕੁੜੀ ਨੂੰ ਨਾਲ ਲੈ ਕੇ ਗਏ ਸਨ। ਇਸੇ ਤਰ੍ਹਾਂ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਦੀ ਇੱਕ ਕੁੜੀ ਨਾਲ ਫੋਟੋ ਦਿਖਾ ਕੇ ਉਨ੍ਹਾਂ ਦੇ ਚਰਿੱਤਰ ਉਤੇ ਦੋਸ਼ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਤੇਜਸਵੀ ਨੇ ਕਿਹਾ ਕਿ ਇਹ ਫੋਟੋ ਉਦੋਂ ਦੀ ਹੈ, ਜਦੋਂ ਉਹ ਆਈ ਪੀ ਐੱਲ ਕ੍ਰਿਕਟ ਖੇਡਦੇ ਸਨ। ਅੱਜ ਉਹ ਕੁੜੀ ਕਿਸੇ ਦੀ ਪਤਨੀ, ਕਿਸੇ ਦੀ ਮਾਂ, ਕਿਸੇ ਦੀ ਨੂੰਹ ਹੋਵੇਗੀ। ਇਹ ਦੇਖ ਸੁਣ ਕੇ ਉਸ ਉੱਤੇ ਅਤੇ ਉਸ ਦੇ ਪਰਵਾਰ ਉੱਤੇ ਕੀ ਬੀਤਦੀ ਹੋਵੇਗੀ? ਉਂਜ ਇੱਕ ਵਾਰ ਰਾਬੜੀ ਦੇਵੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਦੋਵਾਂ ਪੁੱਤਰਾਂ ਲਈ ਘਰ ਚਲਾਉਣ ਵਾਲੀਆਂ ਨੂੰਹਾਂ ਚਾਹੀਦੀਆਂ ਹਨ, ਸ਼ਾਪਿੰਗ ਮਾਲਜ਼ ਜਾਣ ਵਾਲੀਆਂ ਨਹੀਂ।

ਤੇਜੱਸਵੀ ਯਾਦਵ ਦੀ ਇਹ ਫੋਟੋ ਕਿਉਂਕਿ ਜਨਤਾ ਦਲ (ਯੂ) ਦੇ ਨੇਤਾਵਾਂ ਨੇ ਜਾਰੀ ਕੀਤੀ, ਇਸ ਲਈ ਤੇਜਸਵੀ ਨੇ ਨਿਤੀਸ਼ ਕੁਮਾਰ ਉੱਤੇ ਬਹੁਤ ਘਟੀਆ ਦੋਸ਼ ਲਾਏ ਤੇ ਕਿਹਾ ਕਿ ਨਿਤੀਸ਼ ਜਦੋਂ ਰੇਲ ਮੰਤਰੀ ਸਨ, ਉਦੋਂ ਉਨ੍ਹਾਂ ਨੇ ਅਰਚਨਾ ਐਕਸਪ੍ਰੈਸ ਅਤੇ ਉਪਾਸਨਾ ਐਕਸਪ੍ਰੈਸ ਗੱਡੀਆਂ ਚਲਵਾਈਆਂ ਸਨ, ਜ਼ਰਾ ਦੱਸੋ ਕਿ ਇਹ ਕਿਨ੍ਹਾਂ ਦੇ ਨਾਂਅ ਹਨ? ਇਸ ਤੋਂ ਇਲਾਵਾ ਜਦੋਂ ਨਿਤੀਸ਼ ਕੁਮਾਰ ਦਿੱਲੀ ਜਾਂਦੇ ਹਨ ਤਾਂ ਬਿਹਾਰ ਭਵਨ ਵਿੱਚ ਆਪਣਾ ਸਾਮਾਨ ਰੱਖ ਕੇ ਦੁਆਰਕਾ ਅਤੇ ਪਾਲਮ ਵਿਹਾਰ ਕਿਉਂ ਜਾਂਦੇ ਹਨ? ਕੱਲ੍ਹ ਤੱਕ ਤੇਜਸਵੀ ਇਸੇ ਨਿਤੀਸ਼ ਕੁਮਾਰ ਨੂੰ 'ਚਾਚਾ-ਚਾਚਾ' ਕਹਿੰਦੇ ਨਹੀਂ ਥੱਕਦੇ ਸਨ। ਕੀ ਜਦੋਂ ਤੱਕ ਸਮਝੌਤਾ ਸਰਕਾਰਾਂ ਚੱਲਦੀਆਂ ਰਹਿਣ, ਉਦੋਂ ਤੱਕ ਸਭ ਠੀਕ, ਰਿਸ਼ਤੇ-ਨਾਤੇ ਵੀ ਚੱਲਦੇ ਹਨ, ਪਰ ਸਮਝੌਤੇ ਟੁੱਟਣ ਤਾਂ ਇਸ ਤਰ੍ਹਾਂ ਨਿੱਜੀ ਜ਼ਿੰਦਗੀ 'ਤੇ ਚਿੱਕੜ ਉਛਾਲਿਆ ਜਾਵੇ? ਅਸੀਂ ਨੇਤਾਵਾਂ ਤੋਂ ਭਗਵਾਨ ਹੋਣ ਦੀ ਉਮੀਦ ਕਿਉਂ ਲਾਉਂਦੇ ਹਾਂ? ਉਨ੍ਹਾਂ ਦਾ ਵੀ ਨਿੱਜੀ ਜੀਵਨ ਹੁੰਦਾ ਹੈ, ਉਨ੍ਹਾਂ ਵਿੱਚ ਗੁਣ-ਦੋਸ਼ ਹੋ ਸਕਦੇ ਹਨ।

ਇਹ ਮੰਨਣਾ ਹੈ ਕਿ ਆਮ ਆਦਮੀ ਆਪਣੀ ਨਿੱਜਤਾ, ਆਜ਼ਾਦੀ ਦੇ ਨਾਂਅ ਉੱਤੇ ਕੁਝ ਵੀ ਕਰੇ, ਪਰ ਨੇਤਾ ਬਣਦਿਆਂ ਹੀ ਉਸ ਨੂੰ ਚਰਿੱਤਰ ਦੀ ਤੱਕੜੀ 'ਤੇ ਤੋਲਿਆ ਜਾਣ ਲੱਗਦਾ ਹੈ। ਕਈ ਵਾਰ ਅਜਿਹੇ ਦੋਸ਼ ਇਕਦਮ ਬੇਬੁਨਿਆਦ ਵੀ ਹੁੰਦੇ ਹਨ, ਪਰ ਚੋਣ ਅਤੇ ਸਿਆਸੀ ਰਣਨੀਤੀ ਦੀ ਉਥਲ ਪੁਥਲ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ। ਇਹ ਸਿਰਫ ਭਾਰਤ ਵਿੱਚ ਨਹੀਂ, ਅਮਰੀਕਾ ਵਰਗੇ ਖੁੱਲ੍ਹੇ ਸਮਾਜ ਵਿੱਚ ਵੀ ਹੁੰਦਾ ਹੈ ਅਤੇ ਦੋਸ਼ ਸਿਰਫ ਮਰਦਾਂ ਉੱਤੇ ਨਹੀਂ, ਔਰਤਾਂ 'ਤੇ ਵੀ ਲੱਗਦੇ ਹਨ ਅਤੇ ਖੂਬ ਚਟਕਾਰੇ ਲੈ ਕੇ ਉਨ੍ਹਾਂ ਬਾਰੇ ਚਰਚਾ ਕੀਤੀ ਜਾਂਦੀ ਹੈ।

ਪਿਛਲੇ ਸਾਲ ਜਦੋਂ ਹਿਲੇਰੀ ਕਲਿੰਟਨ ਰਾਸ਼ਟਰਪਤੀ ਅਹੁਦੇ ਦੀ ਚੋਣ ਲੜ ਰਹੀ ਸੀ ਤਾਂ ਉਨ੍ਹਾਂ ਬਾਰੇ ਕਿਹਾ ਗਿਆ ਕਿ ਉਹ ਆਪਣੇ ਪਤੀ ਬਿਲ ਕਲਿੰਟਨ ਨੂੰ ਕੁੱਟਦੀ ਹੁੰਦੀ ਸੀ। ਆਦਮੀ ਔਰਤ ਉੱਤੇ ਹੱਥ ਚੁੱਕੇ ਤਾਂ ਆਮ ਗੱਲ ਮੰਨੀ ਜਾਂਦੀ ਹੈ, ਪਰ ਜੇ ਕੋਈ ਔਰਤ ਆਦਮੀ ਨੂੰ ਕੁੱਟੇ (ਉਹ ਵੀ ਆਪਣੇ ਪਤੀ ਨੂੰ) ਤਾਂ ਵੱਡੀ ਖਬਰ ਬਣ ਜਾਂਦੀ ਹੈ। ਅਜਿਹਾ ਸਿਰਫ ਭਾਰਤ ਦੇਸ਼ 'ਚ ਹੀ ਨਹੀਂ, ਵਿਕਸਿਤ ਦੇਸ਼ਾਂ/ ਸਮਾਜਾਂ ਵਿੱਚ ਵੀ ਹੁੰਦਾ ਹੈ।

ਅਜਿਹੇ ਚਿੱਕੜ-ਉਛਾਲੂ ਦੇਸ਼ਾਂ ਤੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਵਰਗੇ ਨੇਤਾ ਵੀ ਨਹੀਂ ਬਚੇ। ਕੀ ਲੋਕਤੰਤਰ ਦਾ ਮਤਲਬ ਸਾਡੇ ਨੇਤਾਵਾਂ ਦਾ 'ਲੋਕਾਂ ਦੇ ਬੰਧੂਆ ਮਜ਼ਦੂਰ' ਬਣ ਜਾਣਾ ਹੈ? ਸਾਰੀ ਪਵਿੱਤਰਤਾ ਦੀ ਉਮੀਦ ਨੇਤਾਵਾਂ ਤੋਂ ਕਿਉਂ ਕੀਤੀ ਜਾਂਦੀ ਹੈ? ਦੇਖਿਆ ਇਹ ਜਾਣਾ ਚਾਹੀਦਾ ਹੈ ਕਿ ਜਿਹੜੇ ਵਾਅਦੇ ਕਰ ਕੇ ਉਨ੍ਹਾਂ ਨੇ ਚੋਣਾਂ ਜਿੱਤੀਆਂ ਹਨ, ਉਹ ਉਨ੍ਹਾਂ ਨੂੰ ਪੂਰੇ ਕਰਦੇ ਹਨ ਜਾਂ ਨਹੀਂ? ਅਤੇ ਜਿਹੜੀਆਂ ਆਸਾਂ ਨਾਲ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਦਿੱਤੀਆਂ ਤੇ ਜਿਤਾਇਆ, ਉਹ ਉਨ੍ਹਾਂ ਉਮੀਦਾਂ 'ਤੇ ਖਰੇ ਉਤਰੇ ਕਿ ਨਹੀਂ? ਇਹ ਤਾਂ ਕੋਈ ਗੱਲ ਨਹੀਂ ਕਿ ਜੇ ਕੋਈ ਹੋਰ ਮਸਲਾ ਨਹੀਂ ਮਿਲਿਆ ਤਾਂ ਕਿਸੇ ਕੁੜੀ ਜਾਂ ਔਰਤ ਨਾਲ ਕੋਈ ਪ੍ਰਸੰਗ ਦੱਸ ਕੇ ਜਾਂ ਕੋਈ ਦਹਾਕੇ ਪੁਰਾਣਾ ਮਾਮਲਾ ਮੀਡੀਆ ਵਿੱਚ ਉਛਾਲ ਕੇ ਨੇਤਾਵਾਂ ਵਿਰੁੱਧ ਲੋਕਾਂ ਦੀ ਰਾਏ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਹਾਲਾਂਕਿ ਲੋਕ ਹੁਣ ਇੰਨੇ ਜਾਗਰੂਕ ਹੋ ਗਏ ਹਨ ਕਿ ਉਹ ਅਜਿਹੀਆਂ ਗੱਲਾਂ ਵੱਲ ਖਾਸ ਧਿਆਨ ਨਹੀਂ ਦਿੰਦੇ। ਜਿਸ ਨੂੰ ਜਿੰਨਾ ਜ਼ਿਆਦਾ ਖਲਨਾਇਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਸੇ ਨੂੰ ਲੋਕ ਭਾਰੀ ਬਹੁਮਤ ਨਾਲ ਜਿਤਾ ਦਿੰਦੇ ਹਨ।

ਹਾਰਦਿਕ ਪਟੇਲ ਅਜੇ ਸਿਰਫ 23 ਸਾਲ ਦੇ ਹਨ ਅਤੇ ਤੇਜਸਵੀ ਯਾਦਵ 28 ਸਾਲਾਂ ਦੇ। ਨਿੱਜੀ ਜੀਵਨ ਵਿੱਚ ਇਨ੍ਹਾਂ ਨੌਜਵਾਨਾਂ ਨੂੰ ਆਪਣੀ ਜ਼ਿੰਦਗੀ ਜਿਊਣ ਲਈ ਆਜ਼ਾਦ ਛੱਡ ਦੇਣਾ ਚਾਹੀਦਾ ਹੈ। ਇਸ ਗੱਲ 'ਤੇ ਜ਼ਰੂਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਸਿਆਸੀ ਮੰਚ 'ਤੇ ਉਹ ਕੀ ਕਰਦੇ ਹਨ? ਚੰਗਾ ਕਰਨਗੇ ਤਾਂ ਤਾਰੀਫ ਮਿਲੇਗੀ, ਬੁਰਾ ਕਰਨ ਤਾਂ ਆਲੋਚਨਾ ਹੋਵੇਗੀ, ਇਹੋ ਸਿਹਤਮੰਦ ਲੋਕਤੰਤਰ ਦੀ ਮੰਗ ਹੋ ਸਕਦੀ ਹੈ। ਇਨ੍ਹਾਂ ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਉਤੇਜਨਾ 'ਚ ਅਜਿਹੇ ਦੋਸ਼ ਨਾ ਲਾਉਣ, ਜਿਵੇਂ ਤੇਜਸਵੀ ਨੇ ਨਿਤੀਸ਼ ਕੁਮਾਰ ਉੱਤੇ ਲਾਏ। ਅਜਿਹੀਆਂ ਗੱਲਾਂ ਨਾਲ ਇਨ੍ਹਾਂ ਨੌਜਵਾਨਾਂ ਦਾ ਅਕਸ ਜ਼ਿਆਦਾ ਖਰਾਬ ਹੁੰਦਾ ਹੈ। ਇਸ ਪ੍ਰਸੰਗ ਵਿੱਚ ਅਭਿਨੇਤਾ ਰਿਸ਼ੀ ਕਪੂਰ ਦਾ ਬਿਆਨ ਬਹੁਤ ਦਿਲਚਸਪ ਹੈ ਕਿ ਇੱਕ ਵਾਰ ਉਨ੍ਹਾਂ ਦਾ ਬੇਟਾ ਫਿਲਮ ਅਭਿਨੇਤਾ ਰਣਬੀਰ ਕਪੂਰ ਆਪਣੀ ਮਹਿਲਾ ਮਿੱਤਰ ਰਹੀ ਕੈਟਰੀਨਾ ਕੈਫ ਨਾਲ ਸਪੇਨ ਦੇ ਇੱਕ ਸਮੁੰਦਰੀ ਬੀਚ 'ਤੇ ਛੁੱਟੀਆਂ ਬਿਤਾ ਰਿਹਾ ਸੀ ਤੇ ਕਿਸੇ ਨੇ ਉਨ੍ਹਾਂ ਦੋਵਾਂ ਦੀ ਫੋਟੋ ਖਿੱਚ ਕੇ ਵਾਇਰਲ ਕਰ ਦਿੱਤੀ। ਮੀਡੀਆ ਵਿੱਚ ਇਸ 'ਤੇ ਖੂਬ ਚਰਚਾ ਹੋਈ। ਇਸ 'ਤੇ ਰਿਸ਼ੀ ਕਪੂਰ ਨੇ ਨਾਰਾਜ਼ ਹੋ ਕੇ ਆਪਣੇ ਬੇਟੇ ਦਾ ਬਚਾਅ ਕਰਦਿਆਂ ਕਿਹਾ ਸੀ ਕਿ 'ਉਹ ਇਸ ਉਮਰ ਵਿੱਚ ਅਜਿਹਾ ਨਹੀਂ ਕਰੇਗਾ, ਤਾਂ ਕੀ ਮੈਂ ਕਰਾਂਗਾ।' ਬਜ਼ੁਰਗ ਆਗੂਆਂ ਨੂੰ ਵੀ ਨੌਜਵਾਨਾਂ ਬਾਰੇ ਅਜਿਹੀ ਹੀ ਸੋਚ ਰੱਖਣੀ ਚਾਹੀਦੀ ਹੈ, ਤਾਂ ਹੀ ਉਨ੍ਹਾਂ ਦਾ ਸਨਮਾਨ ਵੀ ਬਣਿਆ ਰਹਿ ਸਕਦਾ ਹੈ।




ਦਿਵਾਲੀ ਦੀਆਂ ਸਮੁੱਚੇ ਭਾਈਚਾਰੇ ਨੂੰ ਮੁਬਾਰਕਾਂ ਹੋਣ ਰੱਬ ਕਰੇ ਹਰ ਵਿਹੜਾ ਖੁਸ਼ਹਾਲੀ ਦੇ ਰੰਗ ਵਿਚ ਰੰਗਿਆ ਜਾਵੇ.



Hardeep Sivia
Sales Representatives
Direct : 647-970-7374
Email:hsivia@royalcanadianrealty.com
www.royalcanadianrealty.com

ROYAL CANADIAN
REALTY, BROKERAGE

Rent to own program available

Off :905-364-0727 Fax: 905-364-0728
2896 Slough Street, Unit # 3 Mississauga, ON L4T 1G3

# ਪੰਜਾਬੀ ਪੱਤਰਕਾਰੀ ਦਾ ਬਾਲ ਜਰਨੈਲ ਕਰਤਾਰ ਸਿੰਘ ਸਰਾਭਾ

-ਰਣਦੀਪ ਸੰਗਤਪੁਰਾ-

ਭਾਰਤ ਦੇ ਆਜ਼ਾਦੀ ਸੰਗ੍ਰਾਮ ਦੇ ਇਤਿਹਾਸ ਵਿੱਚ 'ਗਦਰ ਲਹਿਰ' ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਕਾਂਡ ਹੈ। ਗਦਰੀਆਂ ਦਾ ਸੰਗਰਾਮ ਸੱਚੇ ਅਰਥਾਂ ਵਿੱਚ ਆਜ਼ਾਦੀ ਦੀ ਪਹਿਲੀ ਜਨਤਕ ਲੜਾਈ ਸੀ। ਇਸ ਲਹਿਰ ਨੂੰ ਹੁਲਾਰਾ ਦੇਣ ਵਿੱਚ ਨੌਜਵਾਨ ਗਦਰੀ ਇਨਕਲਾਬੀਆਂ ਦਾ ਵਿਸ਼ੇਸ਼ ਯੋਗਦਾਨ ਸੀ। ਗਦਰ ਪਾਰਟੀ ਦੀ ਜਿੰਦ ਜਾਨ, ਚੜ੍ਹਦੀ ਜਵਾਨੀ ਵੇਲੇ ਫਾਂਸੀ ਦੇ ਫੰਦੇ ਨੂੰ ਗਲ ਵਿੱਚ ਪਾਉਣ ਵਾਲਾ ਕਰਤਾਰ ਸਿੰਘ ਸਰਾਭਾ 19 ਸਾਲਾਂ ਦਾ ਨੌਜਵਾਨ ਸੀ।

ਕਰਤਾਰ ਸਿੰਘ ਸਰਾਭਾ ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ ਲਈ ਪੜ੍ਹਨ ਗਿਆ ਸੀ। 21 ਅਪ੍ਰੈਲ 1913 ਨੂੰ ਪਰਵਾਸੀ ਭਾਰਤੀਆਂ ਨੇ ਅਮਰੀਕਾ ਦੇ ਸ਼ਹਿਰ ਆਸਟ੍ਰੀਆ 'ਚ 'ਹਿੰਦੀ ਐਸੋਸੀਏਸ਼ਨ ਆਫ ਦਿ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਬਣਾਈ। ਜਥੇਬੰਦੀ 'ਚ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਕੇਸਰ ਸਿੰਘ, ਜਨਰਲ ਸਕੱਤਰ ਲਾਲ ਹਰਦਿਆਲ, ਜਾਇੰਟ ਸਕੱਤਰ ਠਾਕੁਰ ਦਾਸ ਧੂਰਾ ਅਤੇ ਵਿੱਤ ਸਕੱਤਰ ਕਾਂਸ਼ੀ ਰਾਮ ਮੜੌਲੀ ਚੁਣੇ ਗਏ। ਬਹੁਤ ਜਲਦੀ ਸਰਾਭਾ ਵੀ ਇਸ ਜਥੇਬੰਦੀ ਨਾਲ ਜੁੜ ਗਿਆ। ਉਸ ਵਿੱਚ ਲੀਡਰਸ਼ਿਪ ਦਾ ਗੁਣ ਸ਼ੁਰੂ ਤੋਂ ਸੀ। ਗਦਰ ਲਹਿਰ ਦੇ ਉਦੇਸ਼ ਦੇ ਪ੍ਰਚਾਰ ਲਈ ਇਕ ਹਫਤਾਵਰੀ ਅਖਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਅਖਬਾਰ ਦਾ ਨਾਂ 'ਗਦਰ' ਰੱਖਿਆ ਤੇ ਪਹਿਲਾ ਅੰਕ ਉਰਦੂ ਭਾਸ਼ਾ ਵਿੱਚ ਪਹਿਲੀ ਨਵੰਬਰ 1913 ਨੂੰ ਜਥੇਬੰਦੀ ਦੇ ਮੁੱਖ ਦਫਤਰ 'ਯੁਗਾਂਤਰ ਆਸ਼ਰਮ' 436 ਹਿੱਲ ਸਟਰੀਟ, ਸਾਨਫਰਾਂਸਿਸਕੋ ਤੋਂ ਜਾਰੀ ਹੋਇਆ। ਇਸ ਦੇ ਮੁੱਖ ਸੰਪਾਦਕ ਲਾਲ ਹਰਦਿਆਲ ਸਨ।

ਗਦਰ ਅਖਬਾਰ ਦੇ ਨਾਂ ਤੋਂ ਇਹ ਜਥੇਬੰਦੀ ਹੁਣ ਗਦਰ ਪਾਰਟੀ ਬਣ ਗਈ। ਇਹ ਅਖਬਾਰ ਅਮਰੀਕਾ ਤੋਂ ਬਾਹਰ ਭਾਰਤ, ਕੈਨੇਡਾ, ਚੀਨ, ਜਾਪਾਨ, ਪਨਾਮਾ, ਫਿਲਪੀਨ, ਮਲਾਇਆ, ਅਰਜਨਟੀਨਾ ਆਦਿ ਵਿੱਚ ਵਸਦੇ ਹਿੰਦੋਸਤਾਨੀਆਂ ਤੱਕ ਪਹੁੰਚਾਇਆ ਜਾਂਦਾ ਸੀ। ਡਾਕ ਰਾਹੀਂ ਭੇਜਣ ਦਾ ਕੰਮ ਸਰਾਭਾ ਕਰਦਾ ਸੀ। ਕੁਝ ਅੰਕਾਂ ਬਾਅਦ 'ਗਦਰ' ਸਰਕਾਰ ਦੀਆਂ ਅੱਖਾਂ ਦਾ ਰੋੜਾ ਬਣ ਗਿਆ। ਸਰਾਭਾ ਮਿਹਨਤੀ ਅਤੇ ਪ੍ਰਤਿਭਾਸ਼ੀਲ ਨੌਜਵਾਨ ਸੀ। ਜਨਵਰੀ 1914 'ਚ 'ਗਦਰ' ਦਾ ਪੰਜਾਬੀ ਭਾਸ਼ਾਈ ਅੰਕ ਵੀ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਗਿਆ, ਇਸ ਅੰਕ ਦਾ ਸੰਪਾਦਕ ਸਰਾਭਾ ਬਣਿਆ। ਉਸ ਸਮੇਂ ਅਖਬਾਰ 'ਸਾਈਕਲੋਸਟਾਈਲ' ਮਸ਼ੀਨ ਉਤੇ ਛਾਪਿਆ ਜਾਂਦਾ ਸੀ, ਜਿਸ ਦਾ ਸਾਰਾ ਕੰਮ ਸਰਾਭਾ ਆਪਣੇ ਹੱਥੀਂ ਕਰਦਾ ਸੀ। ਉਸ ਕੋਲ ਛਪਾਈ ਦੇ ਨਾਲ



ਕਵਿਤਾਵਾਂ ਲਿਖਣ, ਅਨੁਵਾਦ ਕਰਨ ਤੇ ਵਾਰਤਕ ਦਾ ਚੰਗਾ ਤਜਰਬਾ ਸੀ। ਅਖਬਾਰ ਦੀ ਮੁੱਖ ਜ਼ਿੰਮੇਵਾਰੀ ਸਰਾਭੇ 'ਤੇ ਪੈ ਜਾਣ ਨਾਲ ਉਹ 'ਗਦਰ ਪਾਰਟੀ' ਦੇ ਮੁੱਖ ਆਗੂਆਂ ਵਿੱਚ ਸ਼ਾਮਲ ਹੋ ਗਿਆ। ਸਰਾਭੇ ਨੇ 'ਗਦਰ' ਦੇ ਪਹਿਲੇ ਪੰਜਾਬੀ ਅੰਕ ਵਿੱਚ ਮਸ਼ਹੂਰ ਨਜ਼ਮ 'ਪਗੜੀ ਸੰਭਾਲ ਜੱਟਾ' ਛਾਪੀ। ਅਖਬਾਰ ਦੇ ਪਹਿਲੇ ਸਫੇ 'ਤੇ ਲਿਖਿਆ ਹੁੰਦਾ ਸੀ:

ਜਉ ਤਉ ਪ੍ਰੇਮ ਖੇਲਨ ਕਾ ਚਾਉ,
ਸਿਰ ਧਰ ਤਲੀ ਗਲੀ ਮੇਰੀ ਆਉ।

ਕਰਤਾਰ ਸਿੰਘ ਸਰਾਭਾ ਆਪਣੇ ਕੰਮ ਪ੍ਰਤੀ ਮਿਹਨਤੀ ਅਤੇ ਜ਼ਿੰਮੇਵਾਰ ਸੀ। ਅਖਬਾਰ ਦੀ ਕਰੀਬ 2500 ਕਾਪੀ ਛਪਦੀ ਸੀ। ਪ੍ਰੈਸ ਦਾ ਕੰਮ ਕਰਦਿਆਂ ਜਦੋਂ ਉਹ ਥੱਕ ਜਾਂਦਾ ਤਾਂ ਅਕਸਰ ਇਹ ਗੀਤ ਗੁਣਗੁਣਾਇਆ ਕਰਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

'ਗਦਰ' ਵਿੱਚ ਛਪਦੀਆਂ ਗੁੰਮਨਾਮ ਕਵਿਤਾਵਾਂ ਉਸ ਦੀਆਂ ਆਪਣੀਆਂ ਹੁੰਦੀਆਂ ਸਨ। ਉਸ ਦੀ ਕਵਿਤਾ ਤੋਂ ਪ੍ਰੇਰਨਾ ਲੈ ਕੇ ਹੋਰ ਗਦਰੀਆਂ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਭਗਤ ਸਿੰਘ ਵੀ ਉਸ ਨੂੰ ਆਪਣਾ ਪ੍ਰੇਰਨਾ ਸ੍ਰੋਤ ਮੰਨਦਾ ਸੀ। ਬਾਬਾ ਸੋਹਣ ਸਿੰਘ ਭਕਨਾ ਉਸ ਨੂੰ 'ਬਾਲ ਜਰਨੈਲ' ਕਹਿੰਦੇ ਸਨ। ਗਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਲਿਖਦੇ ਹਨ, 'ਕਰਤਾਰ ਸਿੰਘ ਸਰਾਭਾ ਜਵਾਨੀ ਦੀ ਊਰਜਾ ਨਾਲ ਭਰਿਆ ਹੋਇਆ ਸੀ। ਉਸ ਨੂੰ ਕੰਮ ਦਾ ਸ਼ੁਦਾਅ ਸੀ। ਕਿੰਨੇ ਵੀ ਔਖੇ ਕੰਮ ਲਈ ਉਹ ਖੁਦ ਨੂੰ ਸਭ ਤੋਂ ਪਹਿਲਾਂ ਪੇਸ਼ ਕਰਦਾ ਸੀ। ਬਰਕਲੇ ਦੀ ਕੈਲੀਫੋਰਨੀਆ ਯੂਨੀਵਰਸਿਟੀ 'ਚ ਪੜ੍ਹਦਿਆਂ ਉਸ ਨੇ ਵਿਦਿਆਰਥੀਆਂ ਦਾ ਇਕ ਪ੍ਰਤੀਬੱਧ ਟੋਲਾ ਤਿਆਰ ਕੀਤਾ। ਜਦੋਂ ਲਾਲਾ ਹਰਦਿਆਲ ਅਮਰੀਕਾ ਪੁੱਜਾ, ਸਰਾਭੇ ਨੇ ਉਸ ਨੂੰ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸੱਦਿਆ। ਅਮਰੀਕੀ ਦੌਰੇ ਮੌਕੇ ਉਹ ਭਾਈ ਪਰਮਾਨੰਦ ਨੂੰ ਮਿਲਿਆ।

ਗਦਰ ਪਾਰਟੀ 1913 ਵਿੱਚ ਅਮਰੀਕਾ 'ਚ ਬੁਲਾਈ ਗਈ ਸੀ ਤੇ ਇਸ ਨੇ ਫਰਾਂਸੀਸੀ ਇਨ-ਕਲਾਬ ਦੇ ਆਜ਼ਾਦੀ, ਭਾਈਚਾਰਾ ਅਤੇ ਬਰਾਬਰੀ ਦੇ ਨਾਅਰਿਆਂ ਨੂੰ ਅਪਣਾਇਆ ਸੀ। ਕਰਤਾਰ ਸਿੰਘ ਸਰਾਭਾ ਪੂਰੇ ਜੋਸ਼ ਨਾਲ ਖੁਸ਼ੀ-ਖੁਸ਼ੀ ਇਸ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋ ਗਿਆ। ਗਦਰ ਪਾਰਟੀ ਦੇ ਹਫਤਾਵਾਰੀ ਪਰਚੇ 'ਗਦਰ' ਦੇ ਪ੍ਰਕਾਸ਼ਨ ਦਾ ਪੂਰਾ ਕੰਮ ਵਿਦਿਆਰਥੀਆਂ ਨੇ ਸਾਂਭ ਲਿਆ ਤੇ ਇਥੇ ਹੀ ਉਸ ਦੀ ਸ਼ਾਨਦਾਰ ਜਥੇਬੰਦਕ ਸਮਰੱਥਾ ਸਭ ਦੇ ਸਾਹਮਣੇ ਆਈ। ਉਸ ਨੇ ਕਵਿਤਾਵਾਂ ਲਿਖੀਆਂ, ਪ੍ਰੈਸ ਵਿੱਚ ਕੰਮ ਕੀਤਾ ਤੇ ਦੂਰ ਦੁਰਾਡੇ ਦੇ ਦੇਸ਼ਾਂ ਵਿੱਚ ਪਰਚਾ ਭੇਜਣ ਦੇ ਕੰਮ ਵਿੱਚ ਜੁਟਿਆ ਰਿਹਾ। ਇੰਜੀਨੀਅਰਿੰਗ ਦੀ ਜਾਣਕਾਰੀ ਦੇਖਦਿਆਂ ਗਦਰ ਪਾਰਟੀ ਨੇ ਉਸ ਨੂੰ ਜਹਾਜ਼ ਉਡਾਣ ਦੀ ਸਿਖਲਾਈ ਲੈਣ ਲਈ ਚੁਣਿਆ।

ਭਾਰਤ ਆ ਕੇ ਵੀ ਉਹ ਗਦਰੀ ਸਾਹਿਤ ਛਾਪ ਕੇ ਵੰਡਣ ਦਾ ਕੰਮ ਕਰਦਾ ਰਿਹਾ। ਉਸ ਨੇ 'ਗਦਰ', 'ਗਦਰ ਦੀ ਗੂੰਜ' ਅਤੇ 'ਐਲਾਨ-ਏ-ਜੰਗ' ਅਖਬਾਰਾਂ ਸਣੇ ਪੈਂਫਲੇਟ ਛਪਵਾ ਕੇ ਵੰਡੇ। ਗ੍ਰਿਫਤਾਰੀ ਵੇਲੇ ਉਹ ਇਕੱਠੇ ਹੋਏ ਲੋਕਾਂ ਨੂੰ ਕਵਿਤਾਵਾਂ ਸੁਣਾ ਰਿਹਾ ਸੀ। ਜਿਸ ਦਿਨ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਹੋਈ ਸੀ, ਸਵੇਰੇ ਨਾਲ ਵਾਲੀ ਕੋਠੜੀ ਤੋਂ ਪੰਡਤ ਪਰਮਾਨੰਦ ਝਾਂਸੀ ਦੇ ਇਹ ਪੁੱਛਣ ਉੱਤੇ ਕਿ 'ਕਰਤਾਰ ਸਿੰਘ ਕੀ ਰਿਹਾ ਹੈ?' ਸਰਾਭੇ ਨੇ ਜਵਾਬ ਦਿੱਤਾ, 'ਇਕ ਕਵਿਤਾ ਲਿਖ ਰਿਹਾ ਹਾਂ।'। ਇਸ ਤਰ੍ਹਾਂ ਉਹ ਜ਼ਿੰਦਗੀ ਦਾ ਹਰ ਪਲ ਦੇਸ਼ ਲੇਖੇ ਲਾਉਣਾ ਚਾਹੁੰਦਾ ਸੀ। ਉਹ ਨਾ ਸਿਰਫ ਗਦਰ ਲਹਿਰ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਸੀ, ਸਗੋਂ ਪੰਜਾਬੀ ਪੰਜਾਬੀ ਪੱਤਰਕਾਰੀ ਦਾ ਵੀ ਪਹਿਲਾ ਸ਼ਹੀਦ ਸੀ।

# ਨਹੀਂ ਭੁੱਲਦੇ ਉਹ ਦਿਨ..

-ਗੁਰਜੰਟ ਕਲਸੀ ਲੰਡੇ

ਇਹ ਗੱਲ 1976-77 ਦੀ ਹੈ। ਉਦੋਂ ਨਹਿਰੀ ਪਾਣੀ ਦੀ ਵਾਰੀ ਦਸ ਰੋਜ਼ਾ ਹੋਇਆ ਕਰਦੀ ਸੀ। ਦਸ ਰੋਜ਼ਾ ਤਾਂ ਨਾ ਹੀ ਸੀ, ਪਾਣੀ ਦੋ ਮਹੀਨਿਆਂ ਬਾਅਦ ਹੀ ਖੇਤਾਂ ਨੂੰ ਨਸੀਬ ਹੁੰਦਾ ਸੀ। ਅਸਲ ਵਿੱਚ ਨਹਿਰੀ ਪਾਣੀ ਦੀ ਵਾਰੀ ਮੀਰਾਬ ਹੀ ਬਣਾਉਂਦਾ ਹੁੰਦਾ ਸੀ। ਕਿਸਾਨ ਅਨਪੜ੍ਹ ਹੋਣ ਕਰਕੇ ਮੀਰਾਬਾਂ ਦੇ ਰਹਿਮੋ ਕਰਮ 'ਤੇ ਸਨ। ਜੋ ਮੀਰਾਬ ਨੇ ਕਹਿ ਦਿੱਤਾ, ਸੋ ਕਰ ਲਿਆ। ਕਈ ਵਾਰ ਪਾਣੀ ਦੀ ਵਾਰੀ ਮਾਰ ਲੈਂਦੇ ਤੇ ਇਹ ਅੱਗੇ ਵੇਚ ਦਿੰਦੇ ਸਨ, ਜਿਸ ਦਾ ਸਬੰਧਤ ਕਿਸਾਨ ਨੂੰ ਭੋਰਾ ਪਤਾ ਨਾ ਲੱਗਦਾ। ਬਹੁਤੇ ਧਾਕੜ ਕਿਸਾਨ ਤਾਂ ਮਾੜੇ ਕਿਸਾਨ ਦਾ ਪਾਣੀ ਉਕਾ ਹੀ ਮਾਰ ਛੱਡਦੇ ਤੇ ਕਿਸਾਨ ਵਿਚਾਰਾ ਮੀਰਾਬ ਕੋਲ ਰੋਣਾ ਰੋ ਕੇ ਚੁੱਪ ਕਰ ਛੱਡਦਾ। ਪਿੰਡ ਵਿੱਚ ਪਾਣੀ ਦੀ ਵਾਰੀ ਦੱਸਣ ਵਾਲਾ 'ਟਾਈਮ ਪੀਸ' ਪਿੰਡ ਦੇ ਸੁਨਿਆਰੇ ਦੀ ਦੁਕਾਨ 'ਤੇ ਸੀ, ਜਿਸ ਨੂੰ ਉਦੋਂ 'ਭਾਰੇ ਦੀ ਦੁਕਾਨ' ਕਿਹਾ ਜਾਂਦਾ ਸੀ। ਕਿਸਾਨ ਖੇਤ ਵਿੱਚ ਪਹੁੰਚ ਕੇ ਪਾਣੀ ਛੱਡਣ ਵਾਲੇ ਨੂੰ ਕਹਿ ਦਿੰਦਾ ਸੀ ਕਿ ਉਹ ਭਾਰੇ ਤੋਂ ਟੈਮ ਵੇਖ ਕੇ ਤੁਰਿਆ ਸੀ। ਰਸਤੇ ਵਿੱਚ ਲੱਗੇ ਦਸ ਪੰਦਰਾਂ ਮਿੰਟ ਵਾਰੀ ਵਿੱਚ ਗਿਣੇ ਜਾਂਦੇ ਸਨ। ਉਦੋਂ ਕੱਚੇ ਖਾਲਾਂ ਵਿੱਚ ਪਾਣੀ ਹੁਣ ਦੇ ਸੂਏ ਦੇ ਪਾਣੀ ਜਿੰਨਾ ਵਗਦਾ ਸੀ। ਜਦੋਂ ਪਾਣੀ ਲਾਉਣ ਦੀ ਸਾਡੀ ਵਾਰੀ ਆਉਣੀ, ਬਾਪੂ, ਮੇਰੇ ਵੱਡੇ ਭਰਾ ਅਤੇ ਦੋ ਤਿੰਨ ਹੋਰ ਵਗਾਰੀਏ ਇਉਂ ਕਮਰ ਕੱਸਦੇ, ਜਿਵੇਂ ਜੰਗ ਵਿੱਚ ਜਾਣ ਲਈ ਤਿਆਰੀਆਂ ਕਰ ਰਹੇ ਹੋਣ। ਪਾਣੀ ਦੀ ਇਕ ਬੂੰਦ ਵੀ ਫਾਲਤੂ ਨਾ ਜਾਣ ਦਿੰਦੇ। ਰਾਤ ਸਮੇਂ ਲਾਲਟੈਣਾਂ ਜਗਦੀਆਂ, ਹੋਕਰੇ ਵੱਜਦੇ ਅਤੇ ਕਹੀਆਂ ਦੇ ਟੱਕਾਂ ਦੀ ਆਵਾਜ਼ ਟੁਣਕਦੀ। ਕਹੀਆਂ ਇਕ ਦਿਨ ਪਹਿਲਾਂ ਹੀ ਤਿੱਖੀਆਂ ਕਰਵਾਈਆਂ ਜਾਂਦੀਆਂ। ਤਿੱਖੀਆਂ ਕੀਤੀਆਂ ਕਹੀਆਂ ਧਰਤੀ ਦੀ ਹਿੱਕ ਚੀਰਦੀਆਂ ਜਾਂਦੀਆਂ। ਕੱਚੇ ਖਾਲਿਆਂ ਨੂੰ ਘੜ ਕੇ ਸਵਾਰ ਲਿਆ ਜਾਂਦਾ। ਚੂਹਿਆਂ ਦੀਆਂ ਖੁੱਡਾਂ ਕਹੀਆਂ ਤੇ ਦਸਤਿਆਂ ਨਾਲ ਕੁੱਟ ਕੇ ਭਰ ਦਿੱਤੀਆਂ ਜਾਂਦੀਆਂ। ਨਰਮੇ ਕਪਾਹਾਂ ਬੀਜਣ ਲਈ ਰੌਣੀ ਲਈ ਤਿਆਰ ਕੀਤੇ ਖੇਤ ਜਦੋਂ ਕੱਸੀ ਦੇ ਪਾਣੀ ਨਾਲ ਭਰਦੇ ਤਾਂ ਬਾਪੂ ਤੇ ਭਰਾ ਨੂੰ ਸਕੂਨ ਜਿਹਾ ਮਿਲਦਾ। ਨਰਮੇ ਕਪਾਹਾਂ ਬੀਜਣ ਦੀਆਂ ਵਿਉਂਤਾਂ ਹੁੰਦੀਆਂ। ਵਾਹਣ ਵੱਤਰ ਹੁੰਦਿਆਂ ਹੀ ਬਲਦਾਂ ਦੀਆਂ ਜੋੜੀਆਂ ਕੱਚੇ ਰਾਹਾਂ 'ਤੇ ਟੱਲੀਆਂ ਵਜਾਉਂਦੀਆਂ, ਨਵੀਂ ਫਸਲ ਦੀ ਬਿਜਾਈ ਦਾ ਹੋਕਾ ਦਿੰਦੀਆਂ, ਡੇਮਰੂ ਕਲਾਂ ਪਿੰਡ ਤੱਕ ਸੁਣਦੀਆਂ। ਕੋਈ ਹਾਲੀ ਹੇਕ ਨਾਲ ਹੀਰ ਗਾਉਂਦਾ ਤਾਂ ਉਸ ਸਮੇਂ ਬਲਦਾਂ ਤੇ ਊਠਾਂ ਦੀ ਤੋਰ ਵੇਖਣ ਵਾਲੀ ਹੁੰਦੀ। ਬਹੁਤ ਮੋਹ ਤੇਹ ਹੁੰਦਾ ਸੀ ਬਲਦਾਂ ਤੇ ਹਾਲੀਆਂ ਵਿੱਚ। ਜਦੋਂ ਹਲ ਜੁੜਦੇ ਤਾਂ ਹਾਲੀ ਬਲਦਾਂ ਨੂੰ ਵਹਿੜਕਿਆ, ਗੋਰਿਆ, ਸਾਵਿਆ, ਚੱਪਲ ਸਿੰਗਿਆ ਆਦਿ ਨਾਵਾਂ ਨਾਲ ਹਾਅ-ਹਾਅ, ਤੱਤਾ-ਤੱਤਾ ਨਾਲ ਓੜਾਂ ਨਾਲ ਓੜਾਂ ਮਿਲਾ ਕੇ ਚੱਲਣ ਲਈ ਵਾਹ ਲਾਉਂਦੇ।

ਮੇਰਾ ਚਾਚਾ ਮਿੱਠੂ ਪਿੰਡ ਵਿੱਚ ਮੰਨਿਆ ਹਾਲੀ ਸੀ। ਜੇ ਚਾਰ ਏਕੜ ਤੱਕ ਹਲਾਂ ਨਾਲ ਵੱਲਣਾ ਹੁੰਦਾਂ ਤਾਂ ਕੀ ਮਜਾਲ ਕਿ ਚਾਰ ਕਿੱਲਿਆਂ ਦੀ ਵਾਹੀ ਕਿਤੇ ਭੋਰਾ ਵੀ ਵਲ ਵਿੰਗ ਪੈ ਜਾਵੇ। ਲੋਕ ਕਹਿੰਦੇ ਸਨ ਕਿ ਤੱਕਲੇ ਵਿੱਚ ਵਲ ਪੈ ਸਕਦੇ ਪਰ ਮਿੱਠੂ ਦੇ ਹਲਾਂ ਵਿੱਚ ਵਲ ਨਹੀਂ ਪੈ ਸਕਦਾ। ਕਣਕ ਵਿੱਚ ਸਰੋਂ ਦੀਆਂ ਓਲੀਆਂ ਕੱਢਣ ਲਈ ਚਾਚਾ ਸਪੈਸ਼ਲ ਲੋਕਾਂ ਦੇ ਖੇਤੀਂ ਜਾਂਦਾ ਹੁੰਦਾ ਸੀ। ਪਹਿਰ ਰਾਤ ਗਈ ਹਲ ਜੁੜਦੇ ਤਾਂ ਬੇਬੇ ਦੇ ਖੇਤ ਰੋਟੀ ਲੈ ਜਾਣ ਤੱਕ ਬਾਪੂ ਹੋਰੀਂ ਲੰਬਾ ਪੈਂਡਾ ਨਬੇੜ ਲੈਂਦੇ ਸਨ। ਕਿਹੇ ਨਜ਼ਾਰੇ ਸਨ ਓਦੋਂ ਧਰਤੀ ਦੀ ਮਹਿਕ ਦੇ। ਓਧਰ ਰੋਟੀਆਂ ਖਾਂਦਿਆਂ ਬਲਦਾਂ ਤੋਂ ਗੁਟਾਰਾਂ ਚਿੱਚੜ ਲਾਹੁੰਦੀਆਂ ਤੇ ਬਲਦ ਮਸਤ ਜਿਹੇ ਹੋ ਜਾਂਦੇ। ਸਾਰਾ-ਸਾਰਾ ਦਿਨ ਬਾਪੂ ਤੇ ਭਰਾ ਬਲਦਾਂ ਮਗਰ ਨੰਗੇ ਪੈਰੀ ਤੁਰਦਿਆਂ ਕਈ ਕਿਲੋਮੀਟਰਾਂ ਦਾ ਫਾਸਲਾ ਤੈਅ ਕਰਦੇ। ਪਤਾ ਨਹੀਂ ਉਹ ਕਿੰਦਾਂ ਦੀ ਮਹਿਕ ਸੀ ਜੋ ਸਾਰਾ ਦਿਨ ਖੇਤਾਂ ਵਿੱਚ ਨੰਗੇ ਪੈਰੀ ਤੁਰਦਿਆਂ ਦਿਮਾਗ ਵਿੱਚ ਚੜ੍ਹ ਜਾਂਦੀ ਤੇ ਵੱਖਰਾ ਜਿਹਾ ਸਰੂਰ ਆਉਣ ਲੱਗਦਾ ਸੀ।

ਜਦੋਂ ਪੈਲੀ ਵਗ ਜਾਂਦੀ ਤਾਂ ਬਾਪੂ ਹੋਰੀਂ ਨਰਮੇ ਤੇ ਕਪਾਹਾਂ ਵਾਲੇ ਖੇਤਾਂ ਵਿੱਚ, ਨਾਲ-ਨਾਲ ਗੁਆਰਾ, ਚੌਲੇ ਫਲੀਆਂ, ਭਿੰਡੀਆਂ ਆਦਿ ਦਾ ਇਕ-ਇਕ ਓਰਾ ਜ਼ਰੂਰ ਕੱਢਦੇ। ਜਦੋਂ ਕਿਤੇ ਖੁਸ਼ਕ ਜਿਹੀ ਥਾਂ ਵਿੱਚ ਨਰਮਾ ਜਾਂ ਕਪਾਹ ਨਾ ਉਗਦੀ ਤਾਂ ਉਦੋਂ ਫਸਲ ਗੁੱਡਣ ਵੇਲੇ ਉਥੇ ਮੂੰਗੀ ਖਿਲਾਰ ਦਿੱਤੀ ਜਾਂਦੀ ਤੇ ਉਦੋਂ ਪਾਣੀ ਲਾ ਦਿੱਤਾ ਜਾਂਦਾ। ਕਪਾਹਾਂ ਦੇ ਫੁੱਟ ਖਿੜਨ ਵੇਲੇ ਤੱਕ ਮੂੰਗੀ ਦੀਆਂ ਫਲੀਆਂ ਤਿਆਰ ਹੋਣ ਲੱਗਦੀਆਂ। ਮੱਲੋ-ਮੱਲੀ ਉਗੇ ਚਿੱਬੜਾਂ ਦੀਆਂ ਵੱਲਾਂ ਨਾਲ ਚਿੱਬੜ ਪੱਕ ਜਾਂਦੇ ਤਾਂ ਨਰਮਾ ਕਪਾਹਾਂ ਚੁਗਦਿਆਂ ਸ਼ਾਮ ਪੈਂਦਿਆਂ ਹੀ ਬੇਬੇ ਗੁਆਰੇ, ਚੌਲੇ ਫਲੀਆਂ, ਭਿੰਡੀਆਂ ਆਦਿ ਤੋੜ ਲੈਂਦੀ। ਪੱਕੇ ਚਿੱਬੜਾਂ ਨੂੰ ਹਾਰ ਵਿੱਚ ਪਰੋ ਕੇ ਸਾਂਭ ਰੱਖਦੀ। ਕਦੀ-ਕਦੀ ਮੂੰਹੀ ਦੀਆਂ ਫਲੀਆਂ ਤੋੜ ਲਈਆਂ ਜਾਂਦੀਆਂ। ਕੁਝ ਕੁ ਦਿਨਾਂ ਵਿੱਚ ਹੀ ਬੇਬੇ ਸਾਫ ਕੀਤੀ ਮੂੰਗੀ ਕਿਸੇ ਤੌੜੇ, ਕੁੱਜੇ ਵਿੱਚ ਸੁਆਹ ਪਾ ਕੇ ਰੱਖਦੀ ਤਾਂ ਮੂੰਗੀ ਨੂੰ ਕੋਈ ਕੀਟ ਨਾ ਲੱਗ ਜਾਵੇ। ਜਦੋਂ ਕਦੀ ਸ਼ਾਮ ਵੇਲੇ ਬੇਬੇ ਮੂੰਗੀ ਦੀ ਦਾਲ ਹਾਰੇ ਵਿੱਚ ਧਰਦੀ ਤਾਂ ਵਿੱਚ ਸੁੱਕੇ ਚਿੱਬੜ ਵੀ ਪਾ ਦਿੰਦੀ। ਹਾਰੇ ਨੂੰ ਲਾਈ ਪੋਚੇ ਦੀ ਮਿੱਟੀ ਦੀ ਖੁਸ਼ਬੋ ਮੱਲੋ ਮੱਲੀ ਵਿੱਚ ਰਲ ਜਾਂਦੀ। ਹਾਰੇ ਵਿੱਚ ਧਰੀ ਮੂੰਗੀ ਦੀ ਦਾਲ ਵਾਲੇ ਕੁੱਜੇ ਨੂੰ ਉਦੋਂ ਹੀ ਕੱਢਿਆ ਜਾਂਦਾ ਜਦ ਉਹ ਚੰਗੀ ਤਰ੍ਹਾਂ ਪੱਕ ਚੁੱਕੀ ਹੁੰਦੀ।

ਅਸੀਂ ਭੈਣਾਂ, ਭਰਾਵਾਂ ਨੇ ਮੱਕੀ, ਬਾਜਰੇ, ਕਣਕ ਦੀਆਂ ਮਿੱਸੀਆਂ ਰੋਟੀਆਂ ਨਾਲ ਮੂੰਗੀ ਦੀ ਦਾਲ ਦੇ ਛੰਨੇ, ਬਾਟੀਆਂ ਭਰ ਲੈਣੇ ਤੇ ਚੱਟ ਕੇ ਛੱਡਣੇ, ਬੇਬੇ ਬਾਪੂ ਇਸ ਜਹਾਨੋਂ ਚਲੇ ਗਏ। ਜ਼ਮਾਨਾ ਕਿਤੇ ਦੀ ਕਿਤੇ ਪਹੁੰਚ ਗਿਆ, ਪਰ ਉਹ ਖੇਤਾਂ ਦੀ ਮਹਿਕ ਪਤਾ ਨਹੀਂ ਕਿੱਥੇ ਉਡ ਗਈ। ਚਿੱਬੜ ਪਾ ਕੇ ਬਣਾਈ ਮੂੰਗੀ ਦੀ ਦਾਲ ਦਾ ਸਵਾਦ ਚੇਤਿਆਂ 'ਚੋਂ ਨਹੀਂ ਜਾਂਦਾ।

# ਬਾਲ ਕਵਿਤਾ

## ਖੇਡਾਂ

ਖੇਲਣ ਖੇਲ ਮਹਿਲ ਮੈਂ ਜਾਣਾ,
ਬਣਨਾ ਤਕੜਾ ਬੀਬਾ ਰਾਣਾ।

ਤਨਮਨ ਨੂੰ ਤੰਦਰੁਸਤ ਬਣਾਵੇ,
ਜੋ ਵੀ ਖੇਡਾਂ ਖੇਡਣ ਜਾਵੇ।

ਬਲਸ਼ਾਲੀ ਉਹ ਬਾਲ ਕਹਾਵੇ,
ਖੇਲਾਂ ਵਿੱਚ ਵੀ ਸਮਾਂ ਬਿਤਾਵੇ।

ਤਨਮਨ ਤਕੜਾ ਕਰਦੀ ਖੇਡਾਂ,
ਬੁੱਧੀ ਤਾਕਤ ਭਰਦੀ ਖੇਡਾਂ।

ਖੇਡਾਂ ਜੀਵਨ ਦਾ ਨੇ ਗਹਿਣਾ,
ਦੇਸ਼ ਲਈ ਮੈਂ ਮੈਡਲ ਲੈਣਾ।

ਖੇਲ ਖੇਲ ਵਿੱਚ ਜੀਵਨ ਸਿੱਖਣਾ,
ਤਨਮਨ ਤੋਂ ਫਿਰ ਚੰਗਾ ਦਿਖਣਾ।

ਜੋ ਖੇਲਾਂ ਦੀ ਸ਼ਕਤੀ ਜਾਣੇ,
ਉਹ ਬਣ ਜਾਂਦੇ ਬੀਬੇ ਰਾਣੇ।

ਮੇਲ ਮਿਲਾਪ ਵਧਾਵਣ ਖੇਡਾਂ,
ਜੀਵਨ ਜਾਚ ਸਿਖਾਵਣ ਖੇਡਾਂ।

ਹਰਦੀਪ ਬਿਰਦੀ
9041600900

# ਹਲਕਾ ਫੁਲਕਾ

ਪਤਨੀ ਸਬਜ਼ੀ ਲੈਣ ਵਿੱਚ ਇੰਨਾ ਮੁੱਲ-ਭਾਅ ਕਰ ਰਹੀ ਸੀ ਕਿ ਪਤੀ ਪ੍ਰੇਸ਼ਾਨ ਹੋ ਗਿਆ।
ਪਤੀ, ''ਮਿਹਰਬਾਨੀ ਕਰ ਕੇ ਜਲਦੀ ਖਰੀਦੋ। ਆਫਿਸ ਲਈ ਲੇਟ ਹੋ ਰਿਹਾ ਹਾਂ।''
ਪਤਨੀ, ''ਤੁਸੀਂ ਵਿੱਚ ਨਾ ਬੋਲੋ, ਜਲਦੀ-ਜਲਦੀ ਕਾਰਨ ਹੀ ਤੁਹਾਡੇ ਵਰਗਾ ਪਤੀ ਮਿਲਿਆ ਹੈ ਮੈਨੂੰ, ਹੁਣ ਸਬਜ਼ੀ ਦੇ ਮਾਮਲੇ ਵਿੱਚ ਜਲਦੀ ਨਹੀਂ ਕਰਾਂਗੀ।''

********

ਬੰਟੀ ਨੇ ਮਾਂ ਤੋਂ ਪੁੱਛਿਆ, ''ਕੰਪਿਊਟਰ ਇੰਨੇ ਸਮਾਰਟ ਕਿਉਂ ਹਨ?''
ਮਾਂ ਨੇ ਬਹੁਤ ਸੁੰਦਰ ਜਵਾਬ ਦਿੱਤਾ, ''...ਕਿਉਂਕਿ ਕੰਪਿਊਟਰ ਆਪਣੇ ਮਦਰ ਬੋਰਡ ਦੀ ਗੱਲ ਮੰਨਦੇ ਹਨ।''



# ਗਾਇਬ ਹੋ ਚੁੱਕਾ ਪੇਂਡੂ ਸੱਭਿਆਚਾਰ


-ਮਾਸਟਰ ਰਵਿੰਦਰ ਬਿੱਟੂ

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਦਿਨੋਂ ਦਿਨ ਵੱਧ ਰਹੇ ਸ਼ਹਿਰੀਕਰਨ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵਸਦਾ ਸੀ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ ਕਈ ਫਾਇਦਿਆਂ ਦੇ ਨਾਲ-ਨਾਲ ਕਾਫੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ ਮੁਹੱਬਤ ਹੁਣ ਖਤਮ ਹੋਣ ਵੱਲ ਜਾ ਰਹੀ ਹੈ ਜਾਂ ਇਹ ਕਹਿ ਲਓ ਕਿ ਜਾ ਚੁੱਕੀ ਹੈ।

ਕੋਈ ਸਮਾਂ ਸੀ, ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਤੇ ਚਿੱਬੜਾਂ ਦੀ ਖੁਸ਼ਬੂ, ਮਲ੍ਹਿਆਂ ਦੇ ਬੇਰ, ਜੰਡ ਨਾਲ ਲਟਕਦੇ ਖੋਖੇ, ਫੁੱਲਾਂ ਨਾਲ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ।

ਪਿੰਡਾਂ ਦੀ ਆਪਣੀ ਕਹਾਣੀ ਸੀ। ਛੱਪੜ, ਛੱਪੜੀਆਂ, ਖੂਹੀਆਂ ਦਾ ਆਪਣਾ ਮਹੱਤਵ ਸੀ। ਖੂਹੀਆਂ ਉੱਤੇ ਪਾਣੀ ਭਰਦੀਆਂ ਮੁਟਿਆਰਾਂ ਦੇ ਰੁਮਾਂਸ ਦੀਆਂ ਗੱਲਾਂ ਅਸੀਂ ਅੱਜ ਵੀ ਸੁਣਦੇ ਹਾਂ, ਪਰ ਹੁਣ ਨਾ ਕਦੇ ਕੋਈ ਤੁਤੜ, ਏਰਨੇ, ਰੋਹੀ ਦੇ ਕਬੂਤਰਾਂ, ਢਾਬਾਂ, ਛੱਪੜਾਂ, ਤ੍ਰਿਵੈਣੀਆਂ, ਟਿੱਲਿਆਂ, ਬਤਾਰੂਆਂ, ਕੋਹਾਂ ਪਾਂਧੀਆਂ, ਗੱਡੇ ਗੱਡੀਆਂ, ਜਾਤੂ ਜੁਬੜਾਂ, ਜੌੜਿਆਂ, ਸੱਬਰ ਕੱਤਿਆਂ, ਝਾਂਜਰਾਂ, ਪਤੀਲਿਆਂ, ਛੰਨ੍ਹਿਆਂ, ਛੜਿਆਂ ਆਦਿ ਤੋਂ ਜਾਣੀ ਰਿਹਾ ਹੈ ਅਤੇ ਨਾ ਇਨ੍ਹਾਂ ਬਾਰੇ ਜਾਣਨਾ ਚਾਹੁੰਦਾ ਹੈ। ਗੱਡੇ ਜਾਤੂ ਸੱਬਰ ਕੱਤੇ ਹੁਣ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਹਨ।

ਪਿੱਪਲਾਂ 'ਤੇ ਪੈਂਦੀਆਂ ਪੀਘਾਂ, ਕੁੜੀਆਂ ਦਾ ਸਾਉਣ ਮਹੀਨੇ ਇਕੱਠੀਆਂ ਹੋ ਕੇ ਕਿਕਲੀ ਪਾਉਣਾ, ਪਿੱਪਲਾਂ ਦੀ ਖੜ-ਖੜ, ਕਿੱਕਰਾਂ ਦੇ ਲੌਂਗ, ਵਣਾਂ ਦੀਆਂ ਪੀਲਾਂ, ਤੂਤਾਂ ਦੀ ਛਾਂਹ, ਗੁਵਾਰੇ ਦੀ ਕੰਡ, ਵਿਆਹ ਵੇਲੇ ਜੰਡ ਵੱਢਣ ਦੀਆਂ ਰਸਮਾਂ, ਸ਼ਾਮਲਾਟ ਜਗ੍ਹਾ 'ਤੇ ਗੱਡਿਆਂ ਨੂੰ ਜੋੜ ਕੇ ਬਣਾਈ ਸਟੇਜ 'ਤੇ ਗਾਈਆਂ ਜਾਂਦੀਆਂ ਕਵੀਸ਼ਰੀਆਂ ਬੀਤੇ ਸਮੇਂ ਦੀਆਂ ਯਾਦਾਂ ਬਣ ਗਈਆਂ ਹਨ। ਪਿੰਡਾਂ ਵਿੱਚ ਵਰਤੇ ਜਾਂਦੇ ਮਿਠਾਸ ਭਰੇ ਸ਼ਬਦ ਪਿੰਡਾਂ ਦੇ ਲੋਕਾਂ ਨੂੰ ਕਪਾਹ ਨੂੰ ਪਕਾਹ ਕਹਿਣਾ, ਚਾਕ ਨੂੰ ਕਾਚ ਕਹਿਣਾ, ਚਾਕੂ ਨੂੰ ਕਾਚੂ, ਤੀਵੀ ਨੂੰ ਤੀਮੀ, ਰੋਟੀ ਨੂੰ ਟੁੱਕ, ਸਬਜ਼ੀ ਨੂੰ ਦਾਲ ਅਤੇ ਪਜਾਮੇ ਨੂੰ ਤੰਬੀ ਮਲਵਈ ਹਾਕਾਂ ਅੱਜ ਪੱਛੜੇ ਲੋਕਾਂ ਦੀ ਨਿਸ਼ਾਨੀ ਸਮਝੇ ਜਾਣ ਲੱਗ ਹਨ। ਕੋਈ ਸਮਾਂ ਸੀ ਜਦੋਂ ਲੋਕ ਗੁੜ ਨੂੰ ਗਾਜਰਪਾਕ ਵਾਂਗ ਛਕਦੇ ਸਨ। ਧੂੜ ਮਿੱਟੀ ਦਾ ਕੰਮ ਕਰਨ ਤੋਂ ਬਾਅਦ ਗੁੜ ਅੰਦਰਲੀ ਗਰਦ ਨੂੰ ਬਿਠਾ ਦਿੰਦਾ ਸੀ। ਗੁੜ ਖਾਣ ਮਗਰੋਂ ਪੀਤਾ ਪਾਣੀ ਠੰਢੀ ਤਸੀਰ ਤੇ ਤਾਜ਼ਗੀ ਬਖਸ਼ਦਾ ਸੀ। ਗੁੜ ਦਾ ਸ਼ਰਬਤ, ਸ਼ੱਕਰ, ਜੌਂਆਂ ਦਾ ਸੱਤੂ ਬੜੇ ਸ਼ੌਕ ਨਾਲ ਖਾਂਦੇ ਜਾਂਦੇ ਸਨ। ਗੁੜ ਦੀ ਡਲੀ ਨਾਲ ਬੰਨ੍ਹ ਕੇ ਭੇਜੀ ਖੰਬਣੀ ਸ਼ਗਨਾਂ ਦਾ ਪ੍ਰਤੀਕ ਹੁੰਦੀ ਸੀ। ਹੁਣ ਨਾ ਸਹੁਰੇ ਘਰ ਗਏ ਜਵਾਈ ਦਾ ਮੂੰਹ ਗੁੜ ਨਾਲ ਮਿੱਠਾ ਕਰਵਾਇਆ ਜਾਂਦਾ ਹੈ ਤੇ ਨਾ ਸਹੁਰੇ ਘਰੋਂ ਪੇਕੇ ਜਾਂਦੀ ਨੂੰਹ ਨੂੰ ਗੁੜ ਨਾਲ ਰੋਟੀ ਖਵਾਈ ਜਾਂਦੀ ਹੈ। ਅੱਜ ਕੱਲ੍ਹ ਬੱਚੇ ਗੁੜ ਨੂੰ ਦੇਖ ਕੇ ਉਲਟ ਕਰਨ ਭੱਜਦੇ ਹਨ। ਗੁੜ ਦੀ ਜਗ੍ਹਾ ਹੁਣ ਬੱਚਿਆਂ ਵਿੱਚ ਟਾਫੀਆਂ ਤੇ ਚੌਕਲੇਟ ਭਾਰੂ ਹੋ ਗਿਆ ਹੈ।



ਭਾਵੇਂ ਹੁਣ ਵਿਆਹਾਂ ਦੇ ਵਕਤ ਗੁੜ ਦੀ ਜਗ੍ਹਾ ਕਾਜੂ ਦੀ ਬਰਫੀ ਨੇ ਲੈ ਲਈ ਹੈ, ਪਰ ਪਿੰਡਾਂ ਵਿੱਚ ਵਸਦੇ ਪੁਰਾਣੇ ਬਜ਼ੁਰਗ ਹੁਣ ਵੀ ਨੂੰਹਾਂ, ਪੁੱਤਾਂ ਤੋਂ ਚੋਰੀ ਕੁੜਤਿਆਂ ਦੇ ਖੀਸਿਆਂ ਵਿੱਚ ਗੁੜ ਦੀਆਂ ਡਲੀਆਂ ਲਕੋ ਕੇ ਖਾਂਦੇ ਹਨ। ਮੱਕੀ ਬਾਜਰੇ ਦੀਆਂ ਰੋਟੀਆਂ, ਸਰ੍ਹੋਂ ਦਾ ਸਾਗ, ਚਿੱਬੜਾਂ ਦੀ ਚੱਟਣੀ ਦਾ ਆਪਣਾ ਮਹੱਤਵ ਸੀ। ਖੱਟੀ ਲੱਸੀ ਨੂੰ ਬਹੁਤ ਅਹਿਮ ਸਥਾਨ ਦਿੱਤਾ ਜਾਂਦਾ ਸੀ। ਹੁਣ ਕਿਸੇ ਨਵੀਂ ਵਿਆਹੀ ਵਹੁਟੀ ਨੂੰ ਨਾ ਬਾਜ਼ਰੇ ਮੱਕੀ ਦੀਆਂ ਰੋਟੀਆਂ ਬਣਾਉਣੀਆਂ ਆਉਂਦੀਆਂ ਹਨ, ਨਾ ਲੱਸੀ ਰਿੜਕਣੀ। ਦੁੱਧ ਵੇਚਣਾ ਪੁੱਤ ਵੇਚਣ ਬਰਾਬਰ ਸਮਝਿਆ ਜਾਂਦਾ ਸੀ, ਹੁਣ ਦੁੱਧ ਸਾਰਾ ਡਾਇਰੀ ਉਤੇ ਪਾ ਦਿੱਤਾ ਜਾਂਦਾ ਹੈ। ਲੱਸੀ ਰਿੜਕਣ ਵਾਲੀ ਮਧਾਣੀ ਨਾਲ ਬੰਨ੍ਹੇ ਘੁੰਗਰੂਆਂ ਦੀ ਛਣ-ਛਣ ਬੀਤੇ ਸਮੇਂ ਦੀ ਯਾਦ ਬਣ ਗਈ ਹੈ।

ਦਿਨੋਂ-ਦਿਨ ਵੱਧਦੀ ਆਵਾਜਾਈ ਤੇ ਹੋਰ ਸਾਧਨਾਂ ਨੇ ਲੋਕਾਂ ਦਾ ਵਿਹਲਾ ਸਮਾਂ ਖਤਮ ਕਰ ਦਿੱਤਾ ਹੈ। ਅੱਗੇ ਲੋਕ ਵਿਹਲੇ ਸਮੇਂ ਪਿੰਡ ਦੀਆਂ ਸੱਥਾਂ ਵਿੱਚ ਰੌਣਕਾਂ ਬੰਨ੍ਹਦੇ ਸਨ। ਮਰਾਸੀਆਂ ਦਾ ਅਹਿਮ ਸਥਾਨ ਹੁੰਦਾ ਸੀ। ਭੰਡਾਂ ਦੇ ਟੋਟਕਿਆਂ ਦੀ ਜਗ੍ਹਾ ਹੁਣ ਟੀ ਵੀ ਕਲਚਰ ਭਾਰੂ ਹੋ ਗਿਆ ਹੈ। ਵਿਆਹਾਂ ਵਕਤ ਗਾਏ ਜਾਂਦੇ ਦੋਹੇ, ਦਿੱਤੀਆਂ ਜਾਂਦੀਆਂ ਸਿਠਣੀਆਂ ਦੀ ਜਗ੍ਹਾ ਆਰਕੈਸਟਰਾਂ ਨੇ ਲੈ ਲਈ ਹੈ। ਵਿਆਹਾਂ ਵਕਤ ਪਹਿਲਾਂ ਹਫਤਾ-ਹਫਤਾ ਬੈਠ ਕੇ ਲੱਡੂ ਵੱਟਣੇ, ਸੱਤ ਦਿਨ ਬਰਾਤਾਂ ਦਾ ਰਹਿਣਾ, ਸ਼ਹਿਰਾਂ ਵਿੱਚ ਬਣੇ ਮੈਰਿਜ ਪੈਲੇਸਾਂ ਨੇ ਖਤਮ ਕਰ ਦਿੱਤਾ ਹੈ। ਵਿਆਹਾਂ ਵਕਤ ਸ਼ਰਤਾਂ ਲਾ ਕੇ ਖਾਂਦੇ ਜਾਂਦੇ ਪੰਜ-ਪੰਜ ਕਿਲੋ ਲੱਡੂ ਬਾਲਟੀ-ਬਾਲਟੀ ਲੱਸੀ ਦੀ ਪੀਣਾ ਆਮ ਗੱਲ ਸੀ। ਵਿਆਹ ਸਮੇਂ ਰਾਤ ਨੂੰ ਕੜਾਹ ਵਰਤਾਇਆ ਜਾਂਦਾ ਸੀ। ਕਈ ਲੋਕ ਪੰਜ-ਪੰਜ ਕਿਲੋ ਕੜਾਹ ਵੀ ਖਾ ਜਾਂਦੇ ਸਨ, ਪਰ ਅੱਜ ਕੱਲ੍ਹ ਕੜਾਹ ਨੂੰ ਸਵੀਟ ਡਿਸ਼ ਵਜੋਂ ਵੀ ਸਵੀਕਾਰ ਨਹੀਂ ਕੀਤਾ ਜਾਂਦਾ। ਬਾਲਟੀ ਲੱਸੀ ਦੀ ਪੀਣੀ, ਸੇਰ-ਸੇਰ ਗਿਓ ਪੀਣਾ ਅੱਜ ਦੀ ਪੀੜ੍ਹੀ ਨੂੰ ਝੂਠ ਜਾਪਦਾ ਹੈ।

ਪਹਿਲਾਂ ਅਬਰਕ ਨਾਲ ਰੰਗੀ ਪੱਗ, ਤੇੜ ਬੋਸਕੀ ਦਾ ਲੰਬਾ ਕੁੜਤਾ ਪਜਾਮਾ ਗੱਲ ਵਿੱਚ ਕੈਂਠਾ ਅਤੇ ਜੇਬ ਵਿੱਚ ਬੇਗੋ ਨਾਰ ਦੀ ਫੋਟੋ ਵਾਲਾ ਸ਼ੀਸ਼ਾ ਮੋਚਨਾ ਕਿਸੇ ਸ਼ੁਕੀਨ ਗੱਭਰੂ ਦੀ ਨਿਸ਼ਾਨੀ ਹੁੰਦਾ ਹੈ। ਹੁਣ ਕੁੜਤੇ ਪਜਾਮੇ, ਚਾਦਰੇ ਦੀ ਜਗ੍ਹਾ ਕੋਟ ਪੈਂਟ, ਸ਼ੇਰਵਾਨੀ, ਅਚਕਨ ਆ ਗਈ ਹੈ। ਨਾ ਉਹ ਪਹਿਲਾਂ ਵਾਲੇ ਗੱਭਰੂ ਰਹੇ ਹਨ ਅਤੇ ਨਾ ਮੁਟਿਆਰਾਂ, ਨਾ ਮਾਰੂਥਲ ਅਤੇ ਨਾ ਪਹਿਲਾਂ ਵਾਲੇ ਵਿਆਹ। ਵਿਆਹ ਵਕਤ ਕੱਚੇ ਘਰਾਂ ਨੂੰ ਲਿੱਪ ਕੇ ਬਣਾਏ ਗਏ ਤੋਤੇ ਮੋਰਨੀਆਂ ਸਿਰਫ ਤਸਵੀਰਾਂ ਵਿੱਚ ਹੀ ਦੇਖਣ ਨੂੰ ਮਿਲਦੇ ਹਨ। ਨਿੱਕੇ ਹੁੰਦਿਆਂ ਚੋਰੀਓ ਗੰਨੇ ਪੁੱਟ ਕੇ ਖਾਣਾ, ਭੱਠੀ ਤੋਂ ਦਾਣੇ ਭੁਨਾਉਣੇ, ਮੱਝਾਂ ਚਾਰਨੀਆਂ, ਸਾਰਾ-ਸਾਰਾ ਦਿਨ ਛੱਪੜਾਂ ਵਿੱਚ ਮੱਝਾਂ ਦੀਆਂ ਪੂੱਛਾਂ ਫੜ ਕੇ ਨਹਾਉਂਦੇ ਰਹਿਣਾ, ਸ਼ਰਾਰਤ ਵਜੋਂ ਲੋਕਾਂ ਦੀਆਂ ਗਿੱਲੀਆਂ ਪਾਥੀਆਂ ਤੋੜ ਦੇਣਾ, ਲੋਕਾਂ ਦੇ ਮਿਲਦੇ ਉਲਾਭਿਆਂ ਤੋਂ ਤੰਗ ਆ ਕੇ ਮਾਂ ਵੱਲੋਂ ਦਿੱਤੀਆਂ ਜਾਂਦੀਆਂ ਗਾਲਾਂ ਘਿਓ ਦੀਆਂ ਨਾਲਾਂ ਅੱਜ ਵੀ ਯਾਦ ਆਉਂਦੀਆਂ ਹਨ। ਅੱਜ ਕੱਲ੍ਹ ਵਾਣ ਵਾਲੇ ਮੰਜੇ ਦੀ ਜਗ੍ਹਾ ਐਕੂਪ੍ਰੈਸ਼ਰ ਨੇ ਲੈ ਲਈ ਹੈ। ਸਾਉਣ ਮਹੀਨੇ ਕੁੜੀਆਂ ਦਾ ਮੀਂਹ ਪਵਾਉਣ ਲਈ ਇਕੱਠੀਆਂ ਹੋ ਕੇ ਲੀਰਾਂ ਦੀਆਂ ਗੁੱਡੀਆਂ ਘੱਟ ਫੂਕੀਆਂ ਜਾਂਦੀਆਂ ਹਨ ਅਤੇ ਦਾਜ ਦਹੇਜ ਪਿੱਛੇ ਜਿਉਂਦੀਆਂ ਗੁੱਡੀਆਂ ਵੱਧ ਫੂੱਕੀਆਂ ਜਾਂਦੀਆਂ ਹਨ। ਪੇਂਡੂ ਸੱਭਿਆਚਾਰ ਹੁਣ ਖਤਮ ਹੋ ਗਿਆ ਹੈ। ਅੱਜ ਕੱਲ੍ਹ ਤਾਂ ਸੱਭਿਆਚਾਰ ਦੇ ਦਰਸ਼ਨ ਅਜਾਇਬ ਘਰਾਂ ਵਿਚਰੀ ਹੁੰਦੇ ਹਨ।

# ਕਵੀਸ਼ਰੀ ਰਾਹੀਂ ਚੋਭਾਂ ਮਾਰਨ ਵਾਲੇ ਪਾਠਕ ਭਰਾ

-ਕੁਲਦੀਪ ਸਿੰਘ ਧਨੌਲਾ

ਹੱਥੀਂ ਪਾਲੇ ਹੋਏ ਬਿਗਾਨੇ ਕੱਢ ਕੇ ਗਾਲ੍ਹ ਬੁਲਾਉਂਦੇ ਨੇ,
ਆਖਣ ਥੋਨੂੰ ਕੁਝ ਨ੍ਹੀਂ ਆਉਂਦਾ, ਸਾਨੂੰ ਇਹ ਸਮਝਾਉਂਦੇ ਨੇ,
ਓ ਲੱਖਾਂ ਦੇ ਸੀ ਕੱਖ ਬਣਾ ਤੇ ਦੇਖੋ 'ਲਾਦ ਨਿਕੰਮੀ ਨੇ,
ਆਪਣੇ ਮਾਪੇ ਬੁੜ੍ਹਾ-ਬੁੜ੍ਹੀ, ਸੱਸ ਸਹੁਰਾ ਡੈਡੀ ਮੰਮੀ ਨੇ।

ਅੱਜ ਕੱਲ੍ਹ ਸੋਸ਼ਲ ਮੀਡੀਆ ਉੱਤੇ ਵੱਡੀ ਪੱਧਰ ਉਤੇ ਉਪਰੋਕਤ 'ਕਵੀਸ਼ਰੀ' ਦੇਸ਼ ਵਿਦੇਸ਼ ਵਿੱਚ ਵਾਇਰਲ ਹੋ ਰਹੀ ਹੈ, ਜੋ ਮੌਜੂਦਾ ਸਮੇਂ ਉਤੇ ਢੁਕਦੀ ਹੈ। ਇਸ ਵਿੱਚ ਜੋ ਗਾਇਆ ਗਿਆ ਹੈ, ਉਸ ਵਿੱਚ ਰੱਤੀ ਭਰ ਵੀ ਝੂਠ ਨਹੀਂ। ਕਵੀਸ਼ਰੀ ਸੁਣਨ ਵਾਲਾ ਅੱਗੇ ਵਾਇਰਲ ਕਰੇ ਬਿਨਾਂ ਨਹੀਂ ਰਹਿ ਸਕਦਾ। ਅੱਗੋਂ ਸੁਣਨ ਵਾਲੇ ਦਾ ਇਕੋ ਹੀ ਸਵਾਲ ਹੁੰਦਾ ਹੈ ਕਿ ਗਾਉਣ ਵਾਲੇ ਲੋਕ ਕੌਣ ਹਨ? ਅਸਲ ਵਿੱਚ ਇਹ ਪਾਠਕ ਭਰਾਵਾਂ ਦੀ ਤਿੱਕੜੀ ਗੋਲਡ ਮੈਡਲਿਸਟ ਹੈ, ਜਿਨ੍ਹਾਂ ਦੇ ਨਾਂ ਹਨ; ਮਿੱਠੂ ਪਾਠਕ, ਸਤਨਾਮ ਪਾਠਕ ਅਤੇ ਪ੍ਰੀਤ ਪਾਠਕ।

ਪਾਠਕ ਭਰਾਵਾਂ ਨੂੰ ਗਾਉਣ ਦੀ ਚੇਟਕ ਉਨ੍ਹਾਂ ਨੂੰ ਆਪਣੇ ਦਾਦੇ ਭਗਤ ਰਾਮ ਪਾਠਕ ਤੋਂ ਲੱਗੀ, ਜੋ ਆਪ ਅਨਪੜ੍ਹ ਸਨ। ਦਾਦੇ ਵੱਲੋਂ ਗੁਣ ਗੁਣਾਏ ਕਿੱਸਿਆਂ ਦੀ ਪੋਤਿਆਂ ਦੇ ਬਾਲ ਮਨਾਂ ਉਤੇ ਅਜਿਹੀ ਪਾਨ ਚੜ੍ਹੀ ਕਿ ਇਨ੍ਹਾਂ ਨੂੰ ਗਾਉਣ ਦੀ ਚੇਟਕ ਲੱਗ ਗਈ। ਕਸਬਾ ਧਨੌਲਾ ਦੀ ਮਾਨਾਂ ਪੱਤੀ ਵਿੱਚ ਪਿਤਾ ਭਰਪੂਰ ਸਿੰਘ ਅਤੇ ਮਾਤਾ ਸੁਖਵਿੰਦਰ ਕੌਰ ਦੇ ਘਰ ਇਨ੍ਹਾਂ ਦਾ ਜਨਮ ਹੋਇਆ। ਮਿੱਠੂ ਪਾਠਕ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ, ਸਤਨਾਮ ਪਾਠਕ ਇੰਟਰ ਨੈਸ਼ਨਲ ਸਕੂਲ ਪੱਖੋਂ ਕਲਾਂ ਵਿਖੇ ਅਧਿਆਪਕ ਦਾ ਕਾਰਜ ਨਿਭਾ ਰਹੇ ਹਨ, ਪ੍ਰੀਤ ਪਾਠਕ ਨਗਰ ਪਾਲਿਕਾ, ਧਨੌਲਾ ਵਿਖੇ ਡਿਊਟੀ ਕਰ ਰਿਹਾ ਹੈ। ਸਤਨਾਮ ਪਾਠਕ ਨੇ ਦੱਸਿਆ ਕਿ ਲਿਖਣਾ ਭਾਵੇਂ ਉਨ੍ਹਾਂ 1994-95 ਵਿੱਚ ਸ਼ੁਰੂ ਕਰ ਦਿੱਤਾ ਸੀ, ਪਰ ਪਹਿਲੀ ਵਾਰ 1998 ਵਿੱਚ ਧਨੌਲਾ ਵਿਖੇ ਸੰਤ ਬਾਬਾ ਲਾਭ ਸਿੰਘ ਦੇ ਡੇਰੇ ਵਿੱਚ ਗੀਤ ਗਾਇਆ ਸੀ। ਬਸ ਉਸ ਤੋਂ ਬਾਅਦ ਚਲ ਸੋ ਚਲ ਅਜਿਹੀ ਚੱਲੀ ਕਿ ਅੱਜ ਉਹ ਗੋਲਡ ਮੈਡਲਿਸਟ ਹਨ। ਉਹ ਸਟੇਜਾਂ ਉਤੇ ਕੌਲਾਂ ਭਗਤਣੀ, ਦਹੂਦ ਬਾਦਸ਼ਾਹ, ਦਰੋਪਦੀ ਸਵੰਬਰ, ਭੀਮ ਪ੍ਰਤਿੱਗਿਆ, ਪੂਰਨ ਭਗਤ, ਰਾਜਾ ਹਰੀ ਚੰਦ, ਪੰਜ ਪਿਆਰੇ, ਛੋਟੇ ਸ਼ਹਿਬਜ਼ਾਦੇ, ਜਾਨੀ ਚੋਰ, ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਰਵੀਦਾਸ ਜੀ, ਹੀਰ-ਰਾਂਝਾ, ਰਾਮਾਇਣ, ਮਹਾਂਭਾਰਤ, ਸਿੱਖ ਇਤਿਹਾਸ, ਬੀਬੀ ਪ੍ਰੇਮ ਕੌਰ, ਰੂਪ ਬਸੰਤ ਆਦਿ ਕਿੱਸੇ ਵੀ ਗਾਉਣ ਲੱਗੇ। ਪਲੇਠੀ ਪੁਸਤਕ 'ਮੁੱਠੀ ਭਰ ਅਰਮਾਨ', ਸਾਂਝਾ ਕਾਵਿ ਸੰਗ੍ਰਹਿ 'ਬਲਦੇ ਚਿਰਾਗ', 'ਮਹਿਕਾਂ ਦੇ ਵਣਜਾਰੇ', 'ਜੁਗਨੀ ਮਾਡਰਨ' ਵੀ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੇ ਹਨ। ਦੁਨੀਆ ਵਿੱਚ ਫੈਲੇ ਮਾਇਆ ਜਾਲ ਬਾਰੇ ਉਹ ਕਹਿੰਦੇ ਹਨ:

ਬੜਾ ਸ਼ੌਕ ਸੀ ਦੇਖਣ ਦਾ ਦੁਨੀਆਂ ਰੰਗਲੀ, ਲੋਕ ਰੰਗੀਲੇ,
ਜਦ ਆਣ ਦੇਖਿਆ ਮੈਂ ਏਥੇ ਸੱਪ ਬੜੇ ਜ਼ਹਿਰੀਲੇ,
ਪਾਪਾਂ ਨਾਲ ਭਰਿਆ ਏ, ਇਹ ਦੁਨੀਆ ਦਾ ਚਾਰ ਚੁਫੇਰਾ,
ਚਲ ਮੁੜ ਚਲ ਓਏ ਮਨਾਂ, ਇਹ ਦੁਨੀਆ ਘੁੱਪ ਹਨੇਰਾ।

ਸਿਆਸਤਦਾਨਾਂ 'ਤੇ ਤਿੱਖਾ ਵਿਅੰਗ ਕਰਦੇ ਹੋਏ ਆਖਦੇ ਹਨ:

ਕੋਈ ਕਹਿੰਦਾ ਤੱਕੜੀ 'ਤੇ ਮੋਹਰਾਂ ਲਾ ਦਿਓ,
ਕੋਈ ਕਹਿੰਦਾ ਮੇਰੇ ਪੰਜੇ ਨੂੰ ਜਿਤਾ ਦਿਓ,
ਓ ਕਈ ਘਰ ਬਹਿ ਗਏ ਵੋਟਾਂ ਪਿੱਛੇ ਰੁੱਸ ਕੇ,
ਲੀਡਰਾਂ ਨੇ ਖਾ ਲਿਆ ਪੰਜਾਬ ਲੁੱਟ ਕੇ।

ਪੰਜਾਬੀਆਂ 'ਤੇ ਲੱਗੇ ਦਾਜ ਅਤੇ ਧੀਆਂ ਮਾਰਨ ਦੇ ਕਲੰਕ ਬਾਰੇ ਉਹ ਕਹਿੰਦੇ ਹਨ:

ਅੱਜ ਜ਼ਿੰਦਗੀ ਕੁੜੀਆਂ ਦੀ ਬਣ ਕੇ ਰਹਿ ਗਈ ਇਕ ਖਿਡੌਣਾ,
ਮੁਸ਼ਕਲ ਅੱਜ ਹੋ ਗਿਆ ਏ ਵਰ ਇਨ੍ਹਾਂ ਲਈ ਥਿਆਉਣਾ,
ਸਭ ਲੋਕੀਂ ਕਹਿੰਦੇ ਨੇ ਚੰਗੀ ਏ ਗੱਲ ਖੋਲ੍ਹੀ,
ਮੈਨੂੰ ਦੱਸੋ ਲੋਕੋ ਵੇ ਲੱਗਦੀ ਕਿਉਂ ਧੀਆਂ ਦੀ ਬੋਲੀ।

ਧਰਮ ਦੇ ਨਾਂ ਉਤੇ 1947 ਵਿੱਚ ਦੇਸ਼ ਵੰਡ ਬਾਰੇ ਨੇਤਾ ਜ਼ਿੰਮੇਵਾਰ ਸਨ। ਅਜਿਹਾ ਹੋਣ ਦੇ ਬਾਵਜੂਦ ਅੱਜ ਦੇ ਨੇਤਾ ਧਰਮਾਂ 'ਚ ਵੰਡੀਆਂ ਪਾਉਣ ਤੋਂ ਅਜੇ ਵੀ ਬਾਜ਼ ਨਹੀਂ ਆ ਰਹੇ ਜਿਵੇਂ:

ਧਰਮਾਂ ਵਿੱਚ ਫੁੱਟ ਪਾਉਂਦੇ ਦੇਖੋ ਅੱਜ ਧਰਮਾਂ ਦੇ ਰਾਖੇ,
ਗੁਰੂ ਘਰ ਦੀ ਮਾਇਆ 'ਤੇ ਪੈਂਦੇ ਦਿਨ ਦਿਹਾੜੇ ਡਾਕੇ,
ਭੁੱਲ ਬਾਣੀ ਨਾਨਕ ਦੀ ਕਰਦੇ ਮਨ 'ਚ ਪਾਪ ਬਥੇਰਾ,
ਚਲ ਮੁੜ ਚਲ ਓਏ ਮਨਾਂ ਇਹ ਦੁਨੀਆ ਘੁੱਪ ਹਨੇਰਾ।

ਮੁੰਡਿਆਂ ਵੱਲੋਂ ਧੱਕੇ ਅਤੇ ਧੀਆਂ ਵੱਲੋਂ ਅਪਣਾਏ ਮਾਪਿਆਂ ਬਾਰੇ ਵੀ ਪਾਠਕ ਗੱਲ ਕਰਦੇ ਹਨ:

ਤੀਵੀਂ ਜੇ ਬਹਾਨੇ ਨਾਲ ਸਿਰ ਬੰਨ੍ਹ ਲਏ, ਮੁੰਡਾ ਪੱਟੀਆਂ ਧਰੇ,
ਮਾਂ ਦੁਖ ਨਾਲ ਜਾਵੇ ਮਰਦੀ, ਮੁੰਡਾ ਸੇਵਾ ਨਾ ਕਰੇ,
ਮਾਂ ਬੈਠੀ ਰੋਵੇ ਦੇਖੋ ਫੁੱਟ-ਫੁੱਟ, ਭਾਣੇ ਕਰਤਾਰ ਦੇ,
ਔਰਤਾਂ ਦੇ ਗੁਲਾਮ ਹੋ ਗਏ ਗੱਭਰੂ, ਮਾਪੇ ਧਾਹਾਂ ਮਾਰਦੇ।

ਇਨ੍ਹਾਂ ਤੋਂ ਇਲਾਵਾ ਸਿੰਗਲ ਟਰੈਕ, 'ਲਾਹਣਤਾਂ ਸਰਕਾਰਾਂ ਨੂੰ', 'ਦਿੱਲੀ ਦੀ ਹੈਵਾਨੀਅਤ', 'ਸੱਸ-ਸਹੁਰਾ', 'ਅੰਗਰੇਜ਼ੀ ਮਾਰ ਗਈ', ਰਾਜੇ ਰਣਜੀਤ ਦੀਆਂ', 'ਬੱਚੇ ਪਲਣ ਦਵਾਈਆਂ ਤੇ' ਉਨ੍ਹਾਂ ਦੀਆਂ ਚਰਚਿਤ ਰਚਨਾਵਾਂ ਹਨ। ਉਨ੍ਹਾਂ ਨੂੰ ਉਤਰ ਪ੍ਰਦੇਸ਼ ਪੰਜਾਬ ਸਾਹਿਤ ਅਕਾਦਮੀ (ਅਲੀਗੜ੍ਹ), ਪੰਜਾਬੀ ਸਾਹਿਤ ਸਭਾ ਪੀਜੀ ਕਾਲਜ (ਫਤਿਆਬਾਦ), ਯੁਵਕ ਸੇਵਾਵਾਂ ਵਿਭਾਗ ਪੰਜਾਬੀ (ਬਠਿੰਡਾ ਤੇ ਮੁਹਾਲੀ), ਮਾਲਵਾ ਸਹਿਤ ਸਭਾ (ਬਰਨਾਲਾ), ਪੰਜਾਬੀ ਲਿਖਾਰੀ ਸਭਾ (ਧਨੌਲਾ) ਵੱਲੋਂ ਸਨਮਾਨਿਆ ਗਿਆ ਹੈ।

FREDERICK BANTING INTERNATIONAL SCHOOL
Sister School of Guru Teg Bahadur International School

ਦਿਵਾਲੀ ਦੀਆਂ ਸਮੁੱਚੇ ਭਾਈਚਾਰੇ ਨੂੰ ਮੁਬਾਰਕਾਂ ਹੋਣ HAPPY DIWALI

Important Aspects of Frederick Banting International School (FBI)

- A maximum of 19 students in each class and Parent-Principal meeting each month
- We do not permit cell phones on school grounds
- Mid-term and final exams beginning at Grade 1 and free academic help until 6:00 pm
- French language classes beginning from Kindergarten
- Multicultural language: Spanish, Punjabi, Chinese, Hindi, Tamil, Gujarati, Urdu, Arabic, Russian, Bulgarian, Italian and others
- No calculators used until Grade 8; use of manipulatives; 3 classes on Multiplication Tables; 4 classes in Jump Math; 4 classes on Complex Math Problems
- Beginning in Grade 5, an "Ivy League Vocabulary" list develops students' language skills
- English classes are divided into Reading and Writing and Grammar and Vocabulary
- Students' reading skills are developed through physical books and online resources and their writing skills are cultivated through weekly summaries and a strong emphasis on handwriting techniques
- Robotics & STEM; Mental math; Chess; Martial Arts; Yoga
- Western Dances (hip hop, jazz, ballet, and others); Bhangra (Punjabi Folk dance); Bollywood dance; Shabad Kirtan, which includes playing Tabla, Harmonium and other instruments
- Hockey; Basketball; Soccer; Fitness; Aerobics;

Ph: 647-407-4600
Email: info@fbs.school
website: www.fbi.school
21 Coventry Rd. Brampton, Ontario, L6T 4V7



# ਰੁੱਤ ਦੀਵੇ ਬਾਲਣ ਦੀ

-ਗੁਰਚਰਨ ਸਿੰਘ ਨੂਰਪੁਰ

ਭਾਰਤ ਵਿੱਚ ਮੇਲੇ ਅਤੇ ਦਿਨ-ਤਿਉਹਾਰ ਪੂਰਾ ਸਾਲ ਹੀ ਕਿਸੇ ਨਾ ਕਿਸੇ ਖਿੱਤੇ/ ਵਰਗ ਵਿੱਚ ਚੱਲਦੇ ਰਹਿੰਦੇ ਹਨ। ਮੇਲੇ ਅਤੇ ਤਿਉਹਾਰ ਰੋਜ਼ਾਨਾ ਜ਼ਿੰਦਗੀ ਦੇ ਰੁਝੇਵਿਆਂ ਤੋਂ ਪੈਦਾ ਹੋਈ ਉਪਰਾਮਤਾ/ ਉਦਾਸੀਨਤਾ/ ਅਕੇਵਿਆਂ-ਥਕੇਵਿਆਂ ਤੋਂ ਨਿਜਾਤ ਪਾਉਣ ਦਾ ਇੱਕ ਚੰਗਾ ਜ਼ਰੀਆ ਹੁੰਦੇ ਹਨ। ਦੀਵਾਲੀ ਭਾਰਤੀ ਲੋਕਾਂ ਦਾ ਮਹੱਤਵ ਪੂਰਨ ਤਿਉਹਾਰ ਹੈ। ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਦੀਵੇ ਚਾਨਣ ਤੇ ਗਿਆਨ ਦਾ ਪ੍ਰਤੀਕ ਹੁੰਦੇ ਹਨ। ਬੇਸ਼ੱਕ ਮਨੁੱਖ ਜਾਤੀ ਨੇ ਗਿਆਨ-ਵਿਗਿਆਨ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਪਰ ਅਗਿਆਨਤਾ ਦਾ ਹਨੇਰ ਅੱਜ ਵੀ ਮਨਾਂ ਵਿੱਚ ਪੱਸਰਿਆ ਹੈ।



ਲੱਗਭੱਗ ਵੀਹ ਲੱਖ ਸਾਲ ਪਹਿਲਾਂ ਧਰਤੀ ’ਤੇ ਮਨੁੱਖ ਜਾਤੀ ਦਾ ਆਗਮਨ ਹੋਇਆ ਸੀ, ਉਦੋਂ ਤੋਂ ਲੈ ਕੇ ਅੱਜ ਤੱਕ ਮਨੁੱਖ ਜਾਤੀ ਨਿਰੰਤਰ ਆਪਣੀ ਪੌਦ ਦਾ ਵਿਕਾਸ ਕਰ ਰਹੀ ਹੈ। ਸਾਡੀਆਂ ਲੱਖਾਂ ਪੀੜ੍ਹੀਆਂ ਇਸ ਧਰਤੀ ’ਤੇ ਜੰਮੀਆਂ, ਜੀਵੀਆਂ ਤੇ ਮੋਈਆਂ। ਉਹ ਲੋਕ ਇੱਥੇ ਕਿਵੇਂ ਤੇ ਕਿੱਥੇ-ਕਿੱਥੇ ਵਿਚਰਦੇ-ਭਟਕਦੇ ਰਹੇ, ਇਹ ਸਭ ਅਤੀਤ ਦੀ ਧੁੰਦ ਵਿੱਚ ਗਵਾਚ ਗਿਆ। ਬਿਲਕੁਲ ਅਜਿਹੀ ਸਥਿਤੀ ਸਾਡੇ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਦੁਹਰਾਈ ਜਾਵੇਗੀ। ਅਸੀਂ ਵੀ ਬੀਤੇ ਦੇ ਅਗਿਆਤ ਪੰਨੇ ਦਾ ਹਿੱਸਾ ਬਣ ਜਾਵਾਂਗੇ। ਮਨੁੱਖ ਜਾਤੀ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਇਹ ਭਾਵੇਂ ਪਸ਼ੂ-ਪੰਛੀਆਂ ਤੋਂ ਵਿਕਾਸ ਕਰਦੀ-ਕਰਦੀ ਅੱਜ ਤੱਕ ਦੇ ਮੁਕਾਮ ’ਤੇ ਪਹੁੰਚੀ, ਜਿੱਥੇ ਇਸ ਨੂੰ ਜਾਨਵਰ ਜਾਂ ਪਸ਼ੂ ਬਿਲਕੁਲ ਨਹੀਂ ਕਿਹਾ ਜਾ ਸਕਦਾ, ਪਰ ਸੱਚ ਇਹ ਹੈ ਕਿ ਮਨੁੱਖ ਅਜੇ ਸਹੀ ਅਰਥਾਂ ਵਿੱਚ ਪੂਰਨ ਇਨਸਾਨ ਵੀ ਨਹੀਂ ਬਣ ਸਕਿਆ।

ਇਸ ਧਰਤੀ ’ਤੇ ਪੈਦਾ ਹੁੰਦਾ ਹਰ ਵਿਅਕਤੀ ਨਹੀਂ, ਸਗੋਂ ਪਸ਼ੂ-ਪੰਛੀ ਵੀ ਆਪਣੀ ਸਮਝ ਮੁਤਾਬਕ ਆਪਣੇ ਸੀਮਤ ਫਰਜ਼ ਨਿਭਾਉਂਦੇ ਹਨ; ਆਪਣੀਆਂ ਨਸਲਾਂ ਨੂੰ ਪਾਲਦੇ ਹਨ, ਉਹਨਾਂ ਦੀ ਹਿਫਾਜ਼ਤ ਕਰਦੇ ਹਨ, ਰੱਜ ਜਾਂਦੇ ਹਨ ਤਾਂ ਹੋਰ ਖਾਣਾ ਬੰਦ ਕਰ ਦਿੰਦੇ ਹਨ। ਇਹ ਵਰਤਾਰਾ ਯੁਗਾਂ-ਯੁਗਾਂਤਰਾਂ ਤੋਂ ਚੱਲਦਾ ਆ ਰਿਹਾ ਹੈ। ਪਸ਼ੂ-ਪੰਛੀਆਂ ਦੀ ਸਮਝ ਅਤੇ ਮਨੁੱਖੀ ਸਮਝ ’ਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਪਸ਼ੂ-ਪੰਛੀ ਆਪਣੀਆਂ ਨਸਲਾਂ ਜਾਂ ਕੁਦਰਤ ਪ੍ਰਤੀ ਆਪਣੇ ਫਰਜ਼ ਲਈ ਚੇਤੰਨ ਹਨ, ਪਰ ਇਸ ਦੇ ਉਲਟ ਮਨੁੱਖ ਹੈ ਕਿ ਆਪਣੇ ਵਾਤਾਵਰਣ ਜਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਰਤਾ ਵੀ ਗੰਭੀਰ ਨਹੀਂ ਜਾਪਦਾ।

ਮਨੁੱਖ ਜਾਤੀ ਨੂੰ ਗ੍ਰੰਥਾਂ-ਸ਼ਾਸਤਰਾਂ ਵਿੱਚ ਜੀਵ-ਜਾਤੀਆਂ ਵਿੱਚ ਸਭ ਤੋਂ ਸ੍ਰੇਸ਼ਟ ਦੱਸਿਆ ਗਿਆ ਹੈ। ਮਨੁੱਖ ਨਾਮ ਦੇ ਜੀਵ ਦੀ ਇਹ ਉੱਤਮ ਸ਼੍ਰੇਣੀ ਵੱਖ-ਵੱਖ ਧਰਮਾਂ, ਨਸਲਾਂ, ਜਾਤਾਂ, ਮਜ਼੍ਹਬਾਂ ਤੇ ਦੇਸ਼ਾਂ ਦੀਆਂ ਹੱਦ-ਬੰਦੀਆਂ ਵਿੱਚ ਵੰਡੀ ਹੋਈ ਹੈ। ਮਨੁੱਖ ਨੇ ਆਪਣੀਆਂ ਪੀੜ੍ਹੀਆਂ ਨੂੰ ਸਿਆਣਾ ਅਤੇ ਬੁੱਧੀਮਾਨ ਬਣਾਉਣ ਲਈ ਜੋ ਸਿੱਖਿਆ’ਦਾ ਪ੍ਰਪੰਚ ਰਚਿਆ ਹੈ, ਇਹ ਇੱਕ ਹੱਦ ਤੱਕ ਮਨੁੱਖ ਅੰਦਰ ਸਾਜ਼ਿਸ਼ੀ ਪ੍ਰਵਿਰਤੀ ਨੂੰ ਜਨਮ ਦੇਣ ਅਤੇ ਦੂਜਿਆਂ ਨੂੰ ਠਿੱਬੀ ਲਾਉਣ ਵੱਲ ਸੇਧਤ ਹੈ। ਪਹਿਲਾਂ ਇਹ ਵਿੱਦਿਆ ਧਰਮ ਦੇ ਰੰਗ ਵਿੱਚ ਰੰਗੀ ਹੋਈ ਸੀ। ਅੱਜ ਦੀ ਵਿੱਦਿਆ ਤਕਨੀਕ ਅਤੇ ਜੁਗਤ ਪ੍ਰਧਾਨ ਹੈ। ਇਸ ਵਿੱਚ ਮਾਨਵੀ ਗੁਣਾਂ ਦੇ ਵਿਕਾਸ ਜਿਹੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਇਸ ਵਿੱਚ ਨਿਮਰਤਾ, ਸੰਜਮ ਅਤੇ ਸਮੱਰਪਣ ਦੀ ਭਾਵਨਾ ਕਿਧਰੇ ਵੀ ਝਲਕਦੀ ਨਹੀਂ।

ਇਸ ਧਰਤੀ ’ਤੇ ਪਹਿਲਾਂ ਧਰਮਾਂ, ਜਾਤਾਂ, ਨਸਲਾਂ ਦੇ ਨਾਮ ’ਤੇ ਕਤਲੋਗਾਰਤ ਹੁੰਦੀ ਸੀ। ਇਹ ਵਰਤਾਰੇ ਅਜੇ ਵੀ ਰੁਕੇ ਨਹੀਂ। ਅੱਜ ਵੀ ਬੁੱਧੀਮਾਨ ਲੋਕਾਂ ਨੂੰ ਹਨੇਰਿਆਂ ਦੇ ਦਾਅਵੇਦਾਰ ਬਰਦਾਸ਼ਤ ਨਹੀਂ ਕਰਦੇ। ਨਰਿੰਦਰ ਡਾਬੋਲਕਰ, ਐੱਮ ਐੱਮ ਕਲਬੁਰਗੀ, ਗੋਵਿੰਦ ਪਾਂਸਰੇ ਅਤੇ ਗੌਰੀ ਲੰਕੇਸ਼ ਵਰਗੇ ਮਹਾਨ ਲੋਕਾਂ ਦੀਆਂ ਹੱਤਿਆਵਾਂ ਹੋਣੀਆਂ ਸਾਡੇ ਸਮਾਜ ਦੇ ਮੱਥੇ ’ਤੇ ਕਲੰਕ ਹਨ। ਅੱਜ ਵੀ ਇਸ ਸਮਾਜ ਨੂੰ ਅਗਿਆਨਤਾ ਦੇ ਹਨੇਰੇ ਵਿੱਚ ਰੱਖਣ ਵਾਲੀਆਂ ਤਾਕਤਾਂ ਸਰਗਰਮ ਹਨ। ਦੇਸ਼ ਵਿੱਚ ਭੁੱਖਮਰੀ ਹੈ, ਗ਼ਰੀਬੀ ਹੈ, ਬੇਰੁਜ਼ਗਾਰੀ ਹੈ, ਵਿਕਾਸ ਦੇ ਨਾਮ ’ਤੇ ਚਿੱਟੇ ਦਿਨ ਚੱਲ ਰਹੀ ਲੁੱਟ ਹੈ, ਭ੍ਰਿਸ਼ਟਾਚਾਰ ਹੈ, ਪਰ ਲੋਕਾਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਣ ਦੇ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਜਾਤਾਂ-ਪਾਤਾਂ ਅਤੇ ਧਰਮਾਂ-ਮਜ਼ਹਬਾਂ ਦੇ ਫ਼ਿਰਕੂ ਰੰਗ ਵਿੱਚ ਰੰਗਿਆ ਜਾ ਰਿਹਾ ਹੈ।

ਅੱਜ ਕਰਜ਼ਿਆਂ ਦੇ ਸਤਾਏ ਲੋਕ ਮਰ ਰਹੇ ਹਨ। ਅੰਨ ਦੇ ਦਾਣੇ-ਦਾਣੇ ਅਤੇ ਪਾਣੀ ਦੀ ਬੂੰਦ-ਬੂੰਦ ਦੇ ਮੁਥਾਜ ਲੋਕ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਦੇਸ਼ ਦੇ ਗ਼ਰੀਬ ਲੋਕ ਘੰਟਿਆਂ-ਬੱਧੀ ਫ਼ੈਕਟਰੀਆਂ-ਮਿੱਲਾਂ ਵਿੱਚ ਕੰਮ ਕਰਦੇ ਹਨ। ਅਸਮਾਨ ਛੋਂਹਦੀਆਂ ਬਿਲਡਿੰਗਾਂ ਉਸਾਰਦੇ ਹਨ। ਸੜਕਾਂ ਬਣਾਉਂਦੇ ਹਨ। ਖੇਤਾਂ, ਭੱਠਿਆਂ ਅਤੇ ਮੰਡੀਆਂ ਆਦਿ ਵਿੱਚ ਕੰਮ ਕਰਨ ਵਾਲੇ, ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਾਲੇ ਇਹਨਾਂ ਲੋਕਾਂ ਦੇ ਦੁੱਖਾਂ-ਦਰਦਾਂ ਦੀ ਕਿਤੇ ਗੱਲ ਨਹੀਂ ਹੋ ਰਹੀ, ਸਗੋਂ ਆਪਣੇ-ਆਪਣੇ ਝੰਡੇ ਉੱਚੇ ਕੀਤੇ ਜਾ ਰਹੇ ਹਨ। ਇਨ੍ਹਾਂ ਲੋਕਾਂ ਕੋਲ ਖਾਣ ਲਈ ਪੌਸ਼ਟਿਕ ਭੋਜਣ ਤਾਂ ਦੂਰ, ਪੀਣ ਲਈ ਸਾਫ਼ ਪਾਣੀ ਵੀ ਨਹੀਂ ਹੈ। ਇਹਨਾਂ ਦੇ ਬੱਚੇ ਕੁਪੋਸਣ ਦਾ ਸ਼ਿਕਾਰ ਹੋ ਰਹੇ ਹਨ। ਔਰਤਾ ’ਚੋਂ 50 ਫ਼ੀਸਦੀ ਅਨੀਮੀਆਂ (ਖ਼ੂਨ ਦੀ ਘਾਟ) ਤੋਂ ਪੀੜਤ ਹਨ। ਸਾਡੇ ਦੇਸ਼ ਦੇ ਹਾਕਮਾਂ ਲਈ ਇਹ ਕਿੰਨੀ ਸ਼ਰਮ ਦੀ ਗੱਲ ਹੈ ਕਿ 70 ਸਾਲਾਂ ਦੇ ਆਪਣੇ ਸ਼ਾਸਨ ਵਿੱਚ ਵੀ ਉਹ 45 ਫ਼ੀਸਦੀ ਭਾਰਤੀ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਹਾਸਲ ਨਹੀਂ ਕਰਾ ਸਕੇ। ਇੱਕ ਰਿਪੋਰਟ ਅਨੁਸਾਰ ਅੱਜ ਤੇਜ਼ੀ ਨਾਲ ਫੈਲ ਰਹੀਆਂ 70 ਫ਼ੀਸਦੀ ਬਿਮਾਰੀਆਂ ਦੂਸ਼ਿਤ ਪਾਣੀ ਕਰ ਕੇ ਹਨ।

ਅਸੀਂ ਜਦੋਂ ਦੀਵਾਲੀ ਵਰਗਾ ਤਿਉਹਾਰ ਮਨਾਉਂਦੇ ਹਾਂ ਤਾਂ ਸਾਨੂੰ ਆਪਣੇ ਮਨਾਂ ਅੰਦਰ ਵੀ ਝਾਤ ਪਾਉਣ ਦੀ ਲੋੜ ਹੈ। ਸਾਨੂੰ ਮਾਨਵਵਾਦੀ ਸੋਚਾਂ ਲਈ ਕੰਮ ਕਰਨ ਦੀ ਲੋੜ ਹੈ। ਦੀਵਾਲੀ ਭਾਵੇਂ ਦੀਵਿਆਂ ਦਾ ਤਿਉਹਾਰ ਹੈ, ਪਰ ਇਸ ਦਿਨ ਪੂਰੇ ਦੇਸ਼ ਵਿੱਚ ਅਰਬਾਂ ਰੁਪਈਆਂ ਦੇ ਪਟਾਕੇ ਚਲਾ ਕੇ ਹਵਾ, ਪਾਣੀ ਤੇ ਮਿੱਟੀ ਨੂੰ ਵੱਡੀ ਪੱਧਰ ’ਤੇ ਦੂਸ਼ਿਤ ਕੀਤਾ ਜਾਂਦਾ ਹੈ। ਬਾਜ਼ਾਰ ਵਿੱਚ ਅੱਜ ਕੱਲ੍ਹ ਮਿਲਣ ਵਾਲੇ ਪਟਾਕਿਆਂ ਦੀ ਕੀਮਤ ਕੁਝ ਕੁ ਰੁਪਏ ਤੋਂ ਲੈ ਕੇ ਸੈਂਕੜੇ ਰੁਪਿਆਂ ਤੱਕ ਹੈ। ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹਰ ਸ਼ਹਿਰ ਵਿੱਚ ਟਰੱਕਾਂ ਦੇ ਟਰੱਕ ਪਟਾਕਿਆਂ ਦੇ ਆਉਂਦੇ ਹਨ। ਇਹਨਾਂ ਨੂੰ ਖ਼ਰੀਦ ਕੇ ਦੀਵਾਲੀ ਵਾਲੇ ਦਿਨ ਲੋਕਾਂ ਨੇ ਅੱਗ ਲਾ ਕੇ ਸੁਆਹ ਕਰਨਾ ਹੁੰਦਾ ਹੈ ਤੇ ਖ਼ੁਸ਼ੀ ਮਨਾਉਣੀ ਹੁੰਦੀ ਹੈ, ਭੰਗੜੇ ਪਾਉਣੇ ਹੁੰਦੇ ਹਨ। ਦੂਜੇ ਅਰਥਾਂ ਵਿੱਚ ਕਹਿ ਸਕਦੇ ਹਾਂ ਕਿ ਅਸੀਂ ਇਸ ਦਿਨ ਆਪਣੀ ਮਿਹਨਤ ਨਾਲ ਕੀਤੀ ਕਮਾਈ ਦਾ ਕੁਝ ਹਿੱਸਾ ਕੁਝ ਪਲਾਂ ਵਿੱਚ ਸਾੜ ਕੇ ਸਵਾਹ ਕਰ ਦਿੰਦੇ ਹਾਂ। ਪਟਾਕਾ ਕਾਰੋਬਾਰ ਨੇ ਭਾਵੇਂ ਅਨੇਕ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ, ਪਰ ਪਟਾਕਿਆਂ ਦੇ ਬਣਾਉਣ ਤੋਂ ਲੈ ਕੇ ਚਲਾਏ ਜਾਣ ਤੱਕ ਇਹਨਾਂ ਦੇ ਨੁਕਸਾਨ ਹੀ ਨੁਕਸਾਨ ਹਨ। ਇਹਨਾਂ ਨੂੰ ਬਣਾਉਣ, ਸਟੋਰ ਕਰਨ, ਕਿਤੇ ਲੈ ਕੇ ਜਾਣ ਅਤੇ ਚਲਾਉਣ ਤੱਕ ਕਿਸੇ ਸਮੇਂ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਹਨਾਂ ਦਾ ਫਾਇਦਾ ਸਿਰਫ਼ ਕੁਝ ਕੁ ਲੋਕਾਂ ਨੂੰ ਹੁੰਦਾ ਹੈ, ਜੋ ਇਸ ਤਿਉਹਾਰ ਦੌਰਾਨ ਲੱਖਾਂ ਰੁਪਏ ਦੀ ਕਮਾਈ ਕਰ ਲੈਂਦੇ ਹਨ। ਯੂ ਪੀ ਵਰਗੇ ਪ੍ਰਾਂਤਾਂ ਵਿੱਚ ਬਹੁਤ ਥੋੜ੍ਹੀ ਮਜ਼ਦੂਰੀ ’ਤੇ ਲੋਕ ਪਟਾਕੇ ਬਣਾਉਣ ਦੇ ਕਾਰੋਬਾਰ ਵਿੱਚ ਲੱਗੇ ਹੋਏ ਹਨ। ਇਹਨਾਂ ਵਿੱਚ ਜ਼ਿਆਦਾ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੁੰਦੀ ਹੈ। ਹਰ ਸਾਲ ਪਟਾਕੇ ਬਣਾਉਣ ਦੌਰਾਨ ਅਨੇਕ ਹਾਦਸੇ ਵਾਪਰਦੇ ਹਨ। ਇਸ ਤੋਂ ਇਲਾਵਾ ਪਟਾਕਿਆਂ ਦੇ ਸਟੋਰਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ।

ਸਮੇਂ ਦੇ ਬੀਤਣ ਨਾਲ ਇਸ ਦਿਨ ਮਨਾਏ ਜਾਣ ਵਾਲੇ ਜਸ਼ਨਾਂ ਨਾਲ ਕਈ ਤਰ੍ਹਾਂ ਦੀਆਂ ਕੁਰੀਤੀਆਂ ਵੀ ਜੁੜ ਗਈਆਂ ਹਨ। ਪਟਾਕੇ ਬਣਾਉਣਾ-ਵੇਚਣਾ ਹੁਣ ਇੱਕ ਵੱਡਾ ਕਾਰੋਬਾਰ ਬਣ ਗਿਆ ਹੈ। ਦੀਵਾਲੀ ਸਮੇਂ ਹਰ ਸਾਲ ਪਟਾਕੇ ਚਲਾਉਣ ਦੌਰਾਨ ਅਨੇਕ ਬੱਚਿਆਂ ਦੇ ਕੰਨ, ਨੱਕ, ਅੱਖਾਂ ਅਤੇ ਹੱਥ ਨਕਾਰਾ ਹੋ ਜਾਂਦੇ ਹਨ। ਪਟਾਕਿਆਂ ਦੀ ਆਵਾਜ਼ ਨਾਲ ਹਰ ਸਾਲ ਅਨੇਕ ਬੱਚੇ ਕੰਨਾਂ ਤੋਂ ਬੋਲੇ ਹੋ ਜਾਂਦੇ ਹਨ। ਇਸ ਤਰ੍ਹਾਂ ਆਪਣੀ ਬੇਸਮਝੀ ਕਾਰਨ ਇਹ ਬੱਚੇ ਉਮਰ ਭਰ ਲਈ ਅਪਾਹਜ ਹੋ ਜਾਂਦੇ ਹਨ। ਦੀਵਾਲੀ ਦੀ ਰਾਤ ਪਿੰਡਾਂ-ਸ਼ਹਿਰਾਂ, ਗਲੀਆਂ-ਬਾਜ਼ਾਰਾਂ ਵਿੱਚ ਥਾਂ-ਥਾਂ ’ਤੇ ਪਟਾਕਿਆਂ ਦੀ ਰਹਿੰਦ-ਖੂੰਹਦ ਨਾਲ ਪਿਆ ਗੰਦ ਹਰ ਪਾਸੇ ਦੇਖਿਆ ਜਾ ਸਕਦਾ ਹੈ। ਪਟਾਕਿਆਂ ਦੇ ਚਲਾਉਣ ਤੋਂ ਪੈਦਾ ਹੋਏ ਧੂੰਏਂ ਕਾਰਨ ਹਵਾ ਸਾਹ ਲੈਣ ਦੇ ਯੋਗ ਨਹੀਂ ਰਹਿੰਦੀ।

ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਦਿਨ ਆਪਣੇ ਮਨਾਂ ਅੰਦਰਲੇ ਹਨੇਰੇ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਈਏ। ਜਿੱਥੇ ਅਸੀਂ ਆਪਣੇ ਬੱਚਿਆਂ ਨੂੰ ਹਜ਼ਾਰ ਰੁਪਏ ਖ਼ਰਚ ਕੇ ਪਟਾਕੇ ਲੈ ਕੇ ਦਿੰਦੇ ਹਾਂ, ਉੱਥੇ ਉਹਨਾਂ ਨੂੰ ਇਸ ਦੀ ਥਾਂ ਵਧੀਆ ਕਿਤਾਬਾਂ ਪੜ੍ਹਨ ਲਈ ਖ਼ਰੀਦ ਕੇ ਦੇਈਏ, ਜਿਨ੍ਹਾਂ ਤੋਂ ਗਿਆਨ ਹਾਸਲ ਕਰ ਕੇ ਉਹ ਚੰਗੇ ਇਨਸਾਨ ਬਣ ਸਕਣ। ਸਾਨੂੰ ਚਾਹੀਦਾ ਹੈ ਕਿ ਇਸ ਦਿਨ ਅਸੀਂ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਕਿਤਾਬਾਂ ਤੋਹਫਿਆਂ ਦੇ ਰੂਪ ਵਿੱਚ ਦੇਈਏ। ਧਰਤੀ ’ਤੇ ਹੋਰ ਗੰਦ ਪਾਉਣ ਦੀ ਬਜਾਏ ਇਸ ਦਿਨ ਦੀ ਆਮਦ ’ਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਕਰੀਏ। ਇਸ ਦਿਨ ਦੀਵੇ ਜਗਾਉਣ ਦੇ ਨਾਲ ਆਪਣੇ ਆਲੇ-ਦੁਆਲੇ, ਹਵਾ, ਪਾਣੀ ਅਤੇ ਮਿੱਟੀ ਨੂੰ ਸਾਫ਼ ਰੱਖਣ ਦਾ ਅਹਿਦ ਕਰੀਏ। ਜੇਕਰ ਅੱਜ ਅਸੀਂ ਅਜਿਹਾ ਨਹੀਂ ਕਰ ਰਹੇ ਤਾਂ ਕੱਲ੍ਹ ਨੂੰ ਬਹੁਤ ਦੇਰ ਹੋ ਜਾਵੇਗੀ। ਸਾਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਵੀ ਇਸ ਧਰਤੀ ’ਤੇ ਰਹਿਣਾ ਹੈ। ਇਹਨਾਂ ਹਵਾਵਾਂ ਵਿੱਚ ਸਾਹ ਲੈਣਾ ਹੈ। ਆਓ, ਉਹਨਾਂ ਦੀਆਂ ਦੀਵਾਲੀਆਂ ਨੂੰ ਰੰਗੀਨੀਆਂ ਬਖ਼ਸ਼ਣ ਲਈ ਇਸ ਦਿਨ ਘੱਟ ਤੋਂ ਘੱਟ, ਜਾਂ ਪਟਾਕੇ ਨਾ ਚਲਾ ਕੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਯਤਨਸ਼ੀਲ ਹੋਈਏ।





GF1 SECURITY SERVICES

Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

B.O:1085 Bellamy Rd (N), Unit #210, Scarborough (Toronto)
647-929-7736
Web: www.gf1security.com

REVIVE EMS
CANADIAN RED CROSS Training Partner

MWC MOHAN WELLNESS CLINIC

# MOHAN WELNESS & REHAB CLINIC

WISHES YOU A HAPPY AND PROSPEROUS DIWALI

- Homeopathy
- Chiropractor
- Massage Therapy
- Physiotherapy
- Acupunture
- Male and Female Therapist

- Headaches / Migraine
- Anxiety Stress
- Skin Problems, Cholestrol
- Inflammatory Conditions such as Arthritis & Tendinitis
- Repetitive Strain, Injury Sprains
- Muscle Spasm, Back & Neck pain
- Circulatory & Respiratory Problems
- Motor Vehicle Accident
- Surgical Rehab, Pregnancy & many other conditions

Homeopathy is natural medication, is very effective and has no side effects

- Obesity / Over Weight
- Asthma
- Hypertension
- Digestive Disorder
- Depression
- Diabetes
- Sexual Problem
- Allergic Conditions

Tel: 416-298-7537 Fax: 416-298-4922
5200 Finch Ave, East, Suit 205
Scarborough, ON M1S 4Z4
www.mohanhomeopathyclinic.com

# AUJLA LAW OFFICE

NOTARY PUBLIC

Barrister, Solicitor & Notary Public

ਬੰਦੀਛੋੜ ਦਿਵਸ ਅਤੇ ਦਿਵਾਲੀ
ਦੀ ਲੱਖ ਲੱਖ ਵਧਾਈ



Harsimrat Aujla
Call: 905-564-0040

7045 Edward Blvd,. Unit # 305 Mississauga ON L5S 1X2

# RAINBOW AUTO PARTS LTD.

## ALL TYPES OF AUTO PARTS DOMESTIC & IMPORTS

## ਬੰਦੀਛੋੜ ਦਿਵਸ ਤੇ ਦਿਵਾਲੀ ਦੀਆਂ ਲੱਖ-ਲੱਖ ਵਧਾਈਆਂ

RAINBOW AUTO PARTS LTD.





NGK SPARK PLUGS
SPECTRA
MONROE SHOCK ABSORBERS
FRAM FILTERS
DORMAN
ACDelco


**FULL RANGE OF QUALITY AUTOMOTIVE PRODUCTS**

- TOOLS & EQUIPMENT
- PERFORMANCE PARTS LIKE LOWERING KITS,COLD AIR INTAKE ETC.
- DOMESTIC & IMPORTS

15% OFF with this ad

*Conditions apply

The Best PART is Your Trust




**Tel: 905-677-4545**

OPEN 7 DAYS

Fax: 905-677-4546

7045 Tranmere Dr. Unit 6 Mississauga ON L5S 1M2

E-mail: rainbowautopartsltd@yahoo.ca

www.rainbowautopartsltd.com